Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 102 | Wednesday, May 25, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹਵਾ ਦਾ ਰੁਖ਼ ਪੀਸੀ ਪਾਰਟੀ ਵੱਲ



ਓਨਟਾਰੀਓ, 24 ਮਈ (ਪੋਸਟ ਬਿਊਰੋ) : ਅਗਲੇ ਹਫਤੇ ਓਨਟਾਰੀਓ ਵਿੱਚ ਹੋਣ ਜਾ ਰਹੀਆਂ ਚੋਣਾਂ ਦੇ ਸਬੰਧ ਵਿੱਚ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ ਡੱਗ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਅਜੇ ਵੀ ਅੱਗੇ ਚੱਲ ਰਹੀ ਹੈ।

ਨੈਨੋਜ਼ ਰਿਸਰਚ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਤੈਅਸ਼ੁਦਾ ਵੋਟਰਜ਼ ਦਰਮਿਆਨ ਟੋਰੀਜ਼ ਦੀ ਲੀਡ ਬਰਕਰਾਰ ਹੈ ਜਦਕਿ ਦੂਜੀ ਥਾਂ ਲਈ ਐਨਡੀਪੀ ਤੇ ਲਿਬਰਲਾਂ ਦਰਮਿਆਨ ਸਖ਼ਤ ਮੁਕਾਬਲਾ ਚੱਲ ਰਿਹਾ ਹੈ। ਤਾਜ਼ਾ ਸਰਵੇਖਣ ਅਨੁਸਾਰ 37·3 ਫੀ ਸਦੀ ਵੋਟਰਾਂ ਵੱਲੋਂ ਪੀਸੀ ਪਾਰਟੀ ਲਈ ਵੋਟ ਪਾਉਣ ਦਾ ਇਰਾਦਾ ਪ੍ਰਗਟਾਇਆ ਗਿਆ ਜੋਕਿ ਪਿਛਲੇ ਹਫਤੇ ਕਰਵਾਏ ਗਏ ਸਰਵੇਖਣ ਵਿੱਚ 36·1 ਫੀ ਸਦੀ ...ਬਾਕੀ ਪੰਨਾ 3 'ਤੇ

# ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਗੰਨਮੈਨ ਨੇ 18 ਬੱਚਿਆਂ ਦੀ ਲਈ ਜਾਨ

*3 ਬਾਲਗਾਂ ਦੇ ਮਾਰੇ ਜਾਣ ਦਾ ਵੀ ਖਦਸ਼ਾ




ਟੈਕਸਸ, 24 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ 18 ਸਾਲਾ ਗੰਨਮੈਨ ਨੇ ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ 18 ਬੱਚਿਆਂ ਦੀ ਜਾਨ ਲੈ ਲਈ। ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੰਨਮੈਨ ਵੀ ਮਾਰਿਆ ਗਿਆ।

ਸਟੇਟ ਸੈਨੇਟਰ ਰੌਲੈਂਡ ਗੁਤੀਰੇਜ ਅਨੁਸਾਰ ਮਰਨ ਵਾਲਿਆਂ ਵਿੱਚ 3 ਬਾਲਗ ਵੀ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਨੂੰ ਸਟੇਟ ਪੁਲਿਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਮਰਨ ਵਾਲਿਆਂ ਵਿੱਚ ਹਮਲਾਵਰ ਨੂੰ ਵੀ ਗਿਣਿਆ ਜਾ ਰਿਹਾ ਹੈ ਜਾਂ ਨਹੀਂ।ਅਮਰੀਕਾ ਦੇ ਕਿਸੇ ਗ੍ਰੇਡ ਸਕੂਲ ਵਿੱਚ ਹੋਇਆ ਇਹ ਸੱਭ ਤੋਂ ਘਾਤਕ ਹਮਲਾ ਹੈ। ਇਸ ਤੋਂ ਇੱਕ ਦਹਾਕੇ ਪਹਿਲਾਂ ਕਨੈਕਟੀਕਟ ਵਿੱਚ ਨਿਊਟਨ ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿੱਚ ਇੱਕ ਗੰਨਮੈਨ ਨੇ 20 ਬੱਚਿਆਂ ਤੇ ਛੇ ਬਾਲਗਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਫੈਡਰਲ ਲਾਅ ਐਨਫੋਰਸਮੈਂਟ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ। ਇਹ ਜਾਣਕਾਰੀ ਸਬੰਧਤ ਅਧਿਕਾਰੀਆਂ ਵੱਲੋਂ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦਿੱਤੀ ਗਈ। ਗਵਰਨਰ ਗ੍ਰੈਗ ਐਬੌਟ ਨੇ ਦੱਸਿਆ ਕਿ ਗੰਨਮੈਨ ਹੈਂਡਗੰਨ, ਸੰਭਾਵੀ ਤੌਰ ਉੱਤੇ ਇੱਕ ਰਾਈਫਲ, ਨਾਲ ਉਵਾਲਡੇ ਰੌਬ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੋਇਆ। ਅਧਿਕਾਰੀਆਂ ਵੱਲੋਂ ਇਸ ਹਮਲੇ ਪਿਛਲੇ ਮੰਤਵ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।ਪਰ ਗਵਰਨਰ ਨੇ ਦੱਸਿਆ ਕਿ ਹਮਲਾਵਰ ਦੀ ਪਛਾਣ ਸੈਲਵਾਡੌਰ ਰੈਮੋਸ ਵਜੋਂ ਕੀਤੀ ਗਈ ਹੈ। ਉਹ ਸੈਨ ਐਂਟੋਨੀਓ ਦੇ ਪੱਛਮ ਵੱਲ 85 ਮੀਲ ਦੀ ਦੂਰੀ ਉੱਤੇ ਸਥਿਤ ਲੈਟਿਨੋ ਕਮਿਊਨਿਟੀ ਦਾ ਰਹਿਣ ਵਾਲਾ ਸੀ।

ਸ਼ੂਟਿੰਗ ਸ਼ੁਰੂ ਹੁੰਦੇ ਸਾਰ ਨੇੜੇ ਹੀ ਮੌਜੂਦ ਬਾਰਡਰ ਪੈਟਰੋਲ ਏਜੰਟ ਬੈਕਅੱਪ ਦੀ ਪਰਵਾਹ ਕੀਤੇ ਬਿਨਾਂ ਹੀ ਸਕੂਲ ਵਿੱਚ ਦਾਖਲ ਹੋਇਆ ਤੇ ਉਸ ਨੇ ਗੰਨਮੈਨ ਨੂੰ ਗੋਲੀ ਮਾਰ ਕੇ ਢੇਰ ਕਰ ਦਿੱਤਾ। ਏਜੰਟ ਖੁਦ ਵੀ ਜ਼ਖ਼ਮੀ ਹੋ ਗਿਆ ਪਰ ਉਹ ਸਕੂਲ ਤੋਂ ਬਾਹਰ ਆਉਣ ਵਿੱਚ ਸਫਲ ਹੋਇਆ।ਸਕੂਲ ਡਿਸਟ੍ਰਿਕਟ ਦੇ ਪੁਲਿਸ ਚੀਫ ਪੀਟ ਐਰੈਡੌਂਡੋ ਨੇ ਆਖਿਆ ਕਿ ਹਮਲਾਵਰ ਨੇ ਇਸ ਕਾਰੇ ਨੂੰ ਇੱਕਲਿਆਂ ਹੀ ਅੰਜਾਮ ਦਿੱਤਾ।

## ਟੋਰਾਂਟੋ ਬੀਚ ਉੱਤੇ ਹਿੰਸਕ ਗਤੀਵਿਧੀਆਂ ਵਿੱਚ ਸ਼ਾਮਲ 19 ਵਿਅਕਤੀਆਂ ਨੂੰ ਕੀਤਾ ਗਿਆ



ਟੋਰਾਂਟੋ, 24 ਮਈ (ਪੋਸਟ ਬਿਊਰੋ) : ਟੋਰਾਂਟੋ ਵੁੱਡਬਾਈਨ ਬੀਚ ਉੱਤੇ ਵਾਪਰੀ ਹਿੰਸਕ ਘਟਨਾ ਵਿੱਚ ਦੋ ਵਿਅਕਤੀਆਂ ਨੂੰ ਗੋਲੀ ਮਾਰੀ ਗਈ ਜਦਕਿ ਇੱਕ ਵਿਅਕਤੀ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ, ਦੋ ਹੋਰਨਾਂ ਨੂੰ ਗੰਨ ਦੀ ਨੋਕ ਉੱਤੇ ਲੁੱਟ ਲਿਆ ਗਿਆ।ਇਸ ਦੌਰਾਨ ਪਟਾਕੇ ਵੀ ਚਲਾਏ ਗਏ। ਇਸ ਸਬੰਧ ਵਿੱਚ ਪੁਲਿਸ ਵੱਲੋਂ 19 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਦਕਿ ਸੱਤ ਵਿਅਕਤੀ ਇਸ ਘਟਨਾ ਵਿੱਚ ਜ਼ਖ਼ਮੀ ਹੋ ਗਏ।

ਸੋਸ਼ਲ ਮੀਡੀਆ ਉੱਤੇ ਪਾਈਆਂ ਗਈਆਂ ਪੋਸਟਸ ਵਿੱਚ ਸਾਹਮਣੇ ਆਇਆ ਹੈ ਕਿ ਕੁੱਝ ਧੜੇ ਇੱਕ ਦੂਜੇ ਉੱਤੇ ਰੋਮਨ ਕੈਂਡਲਜ਼ ਫਾਇਰ ਕਰ ਰਹੇ ਸਨ, ਇਨ੍ਹਾਂ ਗਰੁੱਪਜ਼ ਵਿੱਚੋਂ ਕੁੱਝ ਲੋਕ ਇੱਕ ਦੂਜੇ ਨਾਲ ਲੜ ਰਹੇ ਸਨ ਤੇ ਲੋਕਾਂ ਦੀ ਭੀੜ ਸੜਕਾਂ ਉੱਤੇ ਉਤਰੀ ਹੋਈ ਸੀ।ਕਈ ਚਸ਼ਮਦੀਦਾਂ ਨੇ ਦੱਸਿਆ ਕਿ ਲੋਕ ਕਾਰਾਂ ਤੋਂ ਹੋਰਨਾਂ ਲੋਕਾਂ ਉੱਤੇ ਤੇ ਹੋਰਨਾਂ ਗੱਡੀਆਂ ਉੱਤੇ ਪਟਾਕੇ ਸੁੱਟ ਰਹੇ ਸਨ।

ਟੋਰਾਂਟੋ ਪੁਲਿਸ ਇੰਸਪੈਕਟਰ ਜੈੱਫ ਬੈਸਿੰਗਵੇਟ ਨੇ ਆਖਿਆ ਕਿ ਸੱਤ ਪੁਲਿਸ ਅਧਿਕਾਰੀ ਇਸ ਘਟਨਾ ਵਿੱਚ ਜ਼ਖ਼ਮੀ ਹੋ ਗਏ, ਇੱਕ ਮਸ਼ਕੂਕ ਨੂੰ ਗੋਲੀ ਮਾਰਦੇ ਸਮੇਂ ਇੱਕ ਪੁਲਿਸ ਅਧਿਕਾਰੀ ਦੀ ਲੱਤ ਟੁੱਟ ਗਈ ਤੇ ਕੁੱਝ ਪੁਲਿਸ ਅਧਿਕਾਰੀਆਂ ਪਟਾਕਿਆਂ ਦੀ ਲੜਾਈ ਵਿੱਚ ਵੀ ਫਸ ਗਏ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਤੇ ਅਸੀਂ ਮਾਮਲੇ ਦੀ ਜਾਂਚ ਜਾਰੀ ਰੱਖਾਂਗੇ। ਉਨ੍ਹਾਂ ਦੱਸਿਆ ਕਿ ਜ਼ਖ਼ਮੀ ਹਾਲਤ ਵਿੱਚ ਦੋ ਵਿਅਕਤੀਆਂ ਨੂੰ ਹਸਪਤਾਲ ਵੀ ਦਾਖਲ ਕਰਵਾਇਆ ਗਿਆ।ਉਨ੍ਹਾਂ ਦੱਸਿਆ ਕਿ 10 ਨਾਬਾਲਿਗਾਂ ਸਮੇਤ 19 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

## ਯੂਕਰੇਨੀਅਨ ਮਿਲਟਰੀ ਦੀ ਮਦਦ ਲਈ ਕੈਨੇਡਾ ਭੇਜੇਗਾ ਹੋਰ ਅਸਲਾ ਤੇ ਗੋਲੀ ਸਿੱਕਾ : ਆਨੰਦ

ਓਟਵਾ, 24 ਮਈ (ਪੋਸਟ ਬਿਊਰੋ) : ਕੈਨੇਡਾ ਵੱਲੋਂ ਯੂਕਰੇਨੀਅਨ ਮਿਲਟਰੀ ਦੀ ਮਦਦ ਲਈ 20,000 ਰੌਂਦ ਤੇ ਹੋਰ ਅਸਲਾ ਤੇ ਗੋਲੀ ਸਿੱਕਾ ਯੂਕਰੇਨ ਭੇਜਿਆ ਜਾ ਰਿਹਾ ਹੈ।ਫੈਡਰਲ ਸਰਕਾਰ ਅਨੁਸਾਰ ਇਸ ਗੋਲੀ ਸਿੱਕੇ ਨੂੰ ਭੇਜਣ ਉੱਤੇ 98 ਮਿਲੀਅਨ ਡਾਲਰ ਖਰਚ ਆਵੇਗਾ। ਇਸ ਤਹਿਤ 155 ਐਮਐਮ ਕੈਲੀਬਰ ਦੇ ਗੋਲੀ ਸਿੱਕੇ ਦੇ ਨਾਲ ਨਾਲ ਫਿਊਜ਼ਿਜ ਤੇ ਚਾਰਜ ਬੈਗਜ਼ ਵੀ ਭੇਜੇ ਜਾਣਗੇ। ਆਰਟਿਲਰੀ ਅਮਰੀਕਾ ਵੱਲੋਂ ਭੇਜੀ ਜਾਵੇਗੀ ਤੇ 2022 ਦੇ ਫੈਡਰਲ ਬਜਟ ਵਿੱਚ ਰਾਖਵੇਂ ਰੱਖੇ ਗਏ 500 ਮਿਲੀਅਨ ਡਾਲਰ ਫੰਡਾਂ ਦੇ ਰੂਪ ਵਿੱਚ ਕੰਮ ਆਉਣਗੇ। ...ਬਾਕੀ ਪੰਨਾ 3 'ਤੇ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage "Royal People Deserve Royal Services"
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor
416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

SAMSUNG BUY 2 OR MORE APPLIANCES
OURR HOME & APPLIANCES
EXCLUSIVE NO TAX EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫੀਆ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰੋ: 647-784-1213

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER

chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਕਾਂਗਰਸ ਚੱਲੀ ਹੈ ਲੜਨ ਜਦ ਉੱਪ ਚੋਣਾਂ,
ਆਖ ਰਹੀ ਲੈਣਾ ਹੈ ਜਿੱਤ ਸੰਗਰੂਰ ਮੀਆਂ।
ਪਾਰਲੀਮੈਂਟ ਲਈ ਸੀਟ ਜੇ ਮਾਰ ਲਈ ਤਾਂ,
ਕੁਝ ਕੁ ਖੱਪਾ ਜਿਹਾ ਲੈਣਾ ਈ ਪੂਰ ਮੀਆਂ।
ਝਗੜੇ ਪਾਰਟੀ ਅੰਦਰ ਬਈ ਵਧਣ ਕਾਫੀ,
ਪੈਣਾ ਈ ਇਨ੍ਹਾਂ ਦਾ ਅਸਰ ਜ਼ਰੂਰ ਮੀਆਂ।
ਹਾਲ ਏਹੀਓ ਜਦ ਰਹਿਣਾ ਈ ਪਾਰਟੀ ਦਾ,
ਦਿੱਲੀ ਪਹਿਲਾਂ ਉਹਮੰਨ ਲੈਣ ਦੂਰ ਮੀਆਂ।
ਹਰ ਕੋਈ ਹੋਰਾਂ ਨੂੰ ਦੋਸ਼ੀ ਠਹਿਰਾਈ ਜਾਂਦਾ,
ਆਪਣਾ ਕਦੇ ਕੋਈ ਮੰਨੇ ਨਹੀਂ ਦੋਸ਼ ਮੀਆਂ।
ਮਿਹਣਿਓਂ ਮਿਹਣੀਂ ਹੀ ਹੋਣਗੇ ਇੰਜ ਆਗੂ,
ਬਚਣਾ ਚੋਣ ਲਈ ਪਿੱਛੇ ਨਹੀਂ ਜੋਸ਼ ਮੀਆਂ।

**ਤੀਸ ਮਾਰ ਖਾਂ**

# ਭਗਵੰਤ ਮਾਨ ਦਾ ਵੱਡਾ ਕਦਮ: ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਸਿਹਤ ਮੰਤਰੀ ਵਿਜੇ ਸਿੰਗਲਾ ਕੱਢਿਆ ਅਤੇ ਗ੍ਰਿਫਤਾਰ ਕਰਵਾਇਆ

*** ਗ੍ਰਿਫ਼ਤਾਰੀ ਪਿੱਛੋਂ ਅਦਾਲਤ ਵੱਲੋਂ 27 ਤੱਕ ਦਾ ਪੁਲਿਸ ਰਿਮਾਂਡ**



ਚੰਡੀਗੜ੍ਹ, 24 ਮਈ, (ਪੋਸਟ ਬਿਊਰੋ)- ਪੰਜਾਬ ਵਿਚਲੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸਿਹਤ ਮੰਤਰੀ ਵਿਜੇ ਸਿੰਗਲਾ ਮੰਤਰੀਅਹੁਦੇ ਤੋਂ ਬਰਖਾਸਤ ਕਰਦਿੱਤਾ ਗਿਆ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇਦੱਸਿਆ ਕਿ ਵਿਜੇ ਸਿੰਗਲਾ ਉੱਤੇ ਦੋਸ਼ ਸਨ ਕਿ ਉਸ ਨੇ ਪ੍ਰਾਜੈਕਟਾਂ ਵਿੱਚੋਂ ਇੱਕ ਫੀਸਦੀ ਕਮਿਸ਼ਨ ਮੰਗਿਆ ਸੀ।ਇਸ ਮੌਕੇ ਖੁਦ ਮੁੱਖ ਮੰਤਰੀ ਨੇਬਰਖਾਸਤ ਕੀਤੇ ਮੰਤਰੀ ਵਿਜੇ ਸਿੰਗਲਾ ਦੇ ਖਿਲਾਫ ਪੁਲਸ ਨੂੰ ਕੇਸ ਦਰਜ ਕਰਨ ਲਈ ਕਿਹਾ ਤੇ ਭ੍ਰਿਸ਼ਟਾਚਾਰ ਰੋਕੂਵਿਭਾਗ ਨੇ ਸਿੰਗਲਾ ਨੂੰ ਗ੍ਰਿਫਤਾਰ ਕਰ ਕੇ ਮੁਹਾਲੀ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਨੂੰ 27 ਮਈ ਤੱਕ ਪੁਲੀਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ।ਵਿਜੇ ਸਿੰਗਲਾ ਦੇ ਨਾਲ ਉਸ ਦੇ ਪੀ ਏ ਵਜੋਂ ਕੰਮ ਕਰ ਰਹੇ ਉਸ ਦੇ ਭਤੀਜੇ ਪ੍ਰਦੀਪ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ। ਪੇਸ਼ੀ ਦੌਰਾਨ ਡਾ ਵਿਜੇ ਸਿੰਗਲਾ ਨੇ ਸਿਰਫ ਏਨਾ ਕਿਹਾ ਕਿ ਇਹ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ਦਾ ਹਿਸਾ ਹੈ।

ਵਰਨਣ ਯੋਗ ਹੈ ਕਿ ਅੱਜ ਮੰਗਲਵਾਰ ਸਵੇਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਵਿਜੇ ਸਿੰਗਲਾ ਨੂੰ ਮੰਤਰੀ ਵਾਲੇ ਅਹੁਦੇ ਤੋਂ ਬਰਖ਼ਾਸਤ ਕਰਨ ਦਾ ਐਲਾਨ ਕੀਤਾ।ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਮੰਤਰੀ ਨੂੰ ਪੁੱਛਿਆ ਤਾਂ ਉਹ ਕਮਿਸ਼ਨ ਮੰਗਣਦਾ ਦੋਸ਼ ਮੰਨ ਗਏ, ਜਿਸ ਪਿੱਛੋਂ ਕਾਰਵਾਈ ਕੀਤੀ ਗਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਨੂੰ ਕੇਸ ਦਰਜ ਕਰਨ ਦੇ ਹੁਕਮ ਦੇਦਿੱਤੇ ਹਨ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਮੇਰੀ ਸਰਕਾਰ ਦਾ ਇੱਕ ਮੰਤਰੀ ਪ੍ਰੋਜੈਕਟਾਂ ਵਿੱਚੋਂਇੱਕ ਫੀਸਦੀ ਕਮਿਸ਼ਨ ਮੰਗਦਾ ਹੈ।ਉਨ੍ਹਾ ਕਿਹਾ ਕਿ ਇਸ ਕੇਸਬਾਰੇ ਸਿਰਫਉਨ੍ਹਾਂ ਨੂੰ ਪਤਾ ਸੀ ਤੇ ਮੀਡੀਆ ਨੂੰ ਵੀ ਪਤਾ ਨਹੀਂ, ਇਸ ਲਈ ਚਾਹੁੰਦੇ ਤਾਂ ਗੱਲ ਦਬਾ ਸਕਦੇ ਸਨ, ਪਰ ਲੋਕਾਂ ਨਾਲ ਭ੍ਰਿਸ਼ਟਾਚਾਰ ਮੁਕਤ ਸਰਕਾਰ ਦਾ ਵਾਅਦਾ ਕੀਤਾ ਹੋਣ ਕਰ ਕੇ ਉਹ ਇਸ ਖੇਡ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੇ।ਮੁੱਖ ਮੰਤਰੀ ਨੇ ਕਿਹਾ ਕਿ ਮੇਰਾ ਵਾਅਦਾ ਹੈ ਕਿ ਇਮਾਨਦਾਰ ਸਰਕਾਰ ਦੇਵਾਂਗੇ, ਭ੍ਰਿਸ਼ਟਾਚਾਰ ਕਰਨ ਵਾਲਾ ਬਖਸ਼ਿਆ ਨਹੀਂ ਜਾਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਨੇ 58 ਕਰੋੜ ਰੁਪਏ ਦੇ ਇੱਕ ਕੰਮ ਵਿੱਚੋਂ 1.18 ਕਰੋੜ ਦਾ ਕਮਿਸ਼ਨ ਮੰਗਿਆ ਸੀ।

ਅਹੁਦੇ ਤੋਂ ਹਟਾਏ ਅਤੇ ਗ੍ਰਿਫਤਾਰ ਕੀਤੇ ਗਏ ਡਾਕਟਰ ਵਿਜੇ ਸਿੰਗਲਾ ਮਾਨਸਾ ਹਲਕੇ ਤੋਂ ਵਿਧਾਇਕ ਹਨ। ਉਨ੍ਹਾਂ ਨੇ ਕਾਂਗਰਸ ਵੱਲੋਂ ਚੋਣ ਲੜ ਰਹੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਨੂੰ ਹਰਾਇਆ ਤੇ ਮਾਨਸਾ ਖੇਤਰ ਨੂੰ 27 ਸਾਲਾਂ ਪਿੱਛੋਂ ਸਰਕ-ਾਰਵਿੱਚ ਥਾਂ ਮਿਲੀ ਸੀ।ਇਸ ਤੋਂ ਪਹਿਲਾਂ ਸ਼ੇਰ ਸਿੰਘ ਗਾਗੋਵਾਲ ਨੂੰ 1996 ਵਿੱਚ ਰਾਜਿੰਦਰ ਕੌਰ ਭੱਠਲ ਨੇ ਮੰਤਰੀ ਬਣਾਇਆ ਸੀ। ਵਿਜੇ ਸਿੰਗਲਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 1992 ਵਿੱਚਬੀਡੀਐੱਸ ਕੀਤੀ ਸੀ ਅਤੇਉਹ ਮਾਨਸਾ ਵਿੱਚ ਹਸਪਤਾਲ ਚਲਾਉਂਦਾ ਸੀ। ਸਿੰਗਲਾ ਉੱਤੇ ਪ੍ਰਾਜੈਕਟਾਂ ਵਿੱਚ ਕਮਿਸ਼ਨ ਮੰਗਣ ਦੇ ਦੋਸ਼ਾਂ ਦਾ ਆਮ ਆਦਮੀ ਪਾਰਟੀ ਹਾਈਕਮਾਂਡ ਨੂੰ ਪਤਾ ਲੱਗਾ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ।

# ਵਿਜੇ ਸਿੰਗਲਾ ਕੇਸ ਵਿੱਚ ਭਗਵੰਤ ਮਾਨ ਨੂੰ ਹਰਿਆਣਾ ਦੇ ਗ੍ਰਹਿ ਮੰਤਰੀ ਵਿੱਜ ਦਾ ਸਮੱਰਥਨ

*** ਸੁਨੀਲ ਜਾਖੜ ਤੇ ਸੁਖਪਾਲ ਖਹਿਰਾ ਵੱਲੋਂ ਵੀ ਸ਼ਲਾਘਾ**



ਚੰਡੀਗੜ੍ਹ, 24 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਰਕਾਰ ਦੇ ਸਿਹਤ ਮੰਤਰੀ ਡਾਕਟਰ ਵਿਜੇ ਸਿੰਗਲਾ ਨੂੰ ਰਿਸ਼ਵਤ ਲੈਣ ਦੇ ਦੋਸ਼ ਕਾਰਨ ਅਹੁਦੇ ਤੋਂ ਹਟਾ ਦਿੱਤਾ ਤਾਂ ਉਨ੍ਹਾ ਦੇ ਇਸ ਕਦਮ ਦੀ ਪੰਜਾਬ ਦੇ ਲੋਕਾਂ ਦੇ ਨਾਲ ਹਰਿਆਣਾ ਦੇ ਸਖਤ ਮਿਜਾਜ਼ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਵੀ ਸ਼ਲਾਘਾ ਕੀਤੀ ਹੈ।

ਡਾ. ਵਿਜੇ ਸਿੰਗਲਾ ਖਿਲਾਫ ਕੀਤੀ ਕਾਰਵਾਈ ਦੀ ਕਾਂਗਰਸੀ ਲੀਡਰ ਸੁਖਪਾਲ ਸਿੰਘ ਖਹਿਰਾ ਨੇ ਤਾਰੀਫ ਕੀਤੀ ਤੇ ਆਪਣੇ ਟਵਿੱਟਰ ਉੱਤੇ ਲਿਖਿਆ ਕਿ ਮੁੱਖ ਮੰਤਰੀ ਵੱਲੋਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਆਪਣਾ ਮੰਤਰੀ ਬਰਖਾਸਤ ਕਰਨ ਦੇ ਦਲੇਰ ਫੈਸਲੇ ਉੱਤੇ ਵਧਾਈ ਦਿੰਦਾ ਹਾਂ, ਇਹ ਸਖ਼ਤ ਕਾਰਵਾਈ ਸਾਰੇ ਭ੍ਰਿਸ਼ਟ ਸਿਆਸਤਦਾਨਾਂ ਅਤੇ ਅਫਸਰਾਂ ਨੂੰ ਪੰਜਾਬ ਭਰ ਵਿੱਚ ਸੁਨੇਹਾ ਦੇਵੇਗੀ। ਮੈਂ ਹਮੇਸ਼ਾ ਕਿਹਾ ਹੈ ਕਿ ਸਾਰੇ ਚੰਗੇ ਫੈਸਲਿਆਂ ਦਾ ਸਵਾਗਤ ਕਰਾਂਗੇ। ਇਸ ਦੌਰਾਨ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸੀਨੀਅਰ ਲੀਡਰ ਸੁਨੀਲ ਜਾਖੜ ਨੇ ਭਗਵੰਤ ਮਾਨ ਦੇ ਫੈਸਲੇ ਦੀ ਤਾਰੀਫ ਕੀਤੀ ਤੇ ਟਵੀਟ ਕੀਤਾ ਹੈ ਕਿ ਇਹ ਬੜਾ ਦਲੇਰ ਕਦਮ ਹੈ, ਪਰ ਬਹੁਤ ਸਾਰੇ ਵਿਧਾਇਕਾਂ ਉੱਤੇ ਅਪਰਾਧਕ ਦੋਸ਼ਾਂ ਦੀਆਂ ਰਿਪੋਰਟਾਂ ਦੇ ਨਾਲ ਅਜਿਹਾ ਕਦਮ ਇੱਕ ਚਲਾਕੀ ਦੀ ਚਾਲ ਹੋ ਸਕਦੀ ਹੈ। ਆਪਣੇ ਹੀ ਮੰਤਰੀਉੱਤੇ ਸਟਿੰਗ ਆਪ੍ਰੇਸ਼ਨ ਕਰਕੇ ਇਸ ਕਮਜ਼ੋਰੀ ਨੂੰ ਨੇਕੀ ਵਿੱਚ ਬਦਲਣ ਲਈ ਧੰਨਵਾਦ।

ਦੂਸਰੇ ਪਾਸੇ ਹਰਿਆਣਾ ਦੇ ਸਖਤ ਮਿਜਾਜ਼ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਮਰੱਥਨ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਾਰੀਫ ਕਰਦਿਆਂ ਕਿਹਾ ਕਿ ਜੇ ਇਮਾਨਦਾਰੀ ਨਾਲ ਤੁਸੀਂ ਕੰਮ ਕੀਤਾ ਤਾਂ ਸ਼ਲਾਘਾਯੋਗ ਕਦਮ ਹੈ। ਵਰਨਣ ਯੋਗ ਹੈ ਕਿ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਸਖ਼ਤ ਤੇ ਤੇਜ਼ ਫੈਸਲਿਆਂ ਲਈ ਜਾਣੇ ਜਾਂਦੇ ਹਨ। ਜਦੋਂ ਉਹ ਥਾਣੇ ਜਾਂ ਮੀਟਿੰਗਾਂ ਵਿੱਚ ਹਿੱਸਾ ਲੈਣ ਤਾਂ ਅਫਸਰ ਹੈਰਾਨ ਰਹਿ ਜਾਂਦੇ ਹਨ।ਕੋਈ ਲਾਪਰਵਾਹੀ ਮਿਲੇ ਤਾਂ ਸਸਪੈਂਸ਼ਨ ਦੀ ਕਾਰਵਾਈ ਹੁੰਦੀ ਹੈ। ਅਜੇ ਤਿੰਨ ਦਿਨ ਪਹਿਲਾਂ ਅੰਬਾਲਾ ਵਿੱਚ ਅਨਿਲ ਵਿੱਜ ਦੇ ਜਨਤਾ ਦਰਬਾਰ ਦੌਰਾਨ ਜਦੋਂ ਇੱਕ ਮਹਿਲਾ ਸ਼ਿਕਾਇਤਕਰਤਾ ਨੇ ਰੋ ਕੇ ਗੁਹਾਰ ਲਾਈ ਤਾਂ ਅਨਿਲ ਵਿਜ ਨੇ ਕਿਹਾ ਕਿ ਅਨਿਲ ਵਿੱਜ ਦੇ ਬੈਠਿਆਂ ਰੋਣ ਦੀ ਲੋੜ ਨਹੀਂ, ਸ਼ਿਕਾਇਤ ਉੱਤੇ ਕਾਰਵਾਈ ਕੀਤੀ ਜਾਵੇਗੀ ਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਸੀਆਈਏ-2 ਦੇ ਸਬ-ਇੰਸਪੈਕਟਰ ਨੂੰ ਸਸਪੈਂਡ ਕਰ ਦਿੱਤਾ ਸੀ।

# ਹਵਾ ਦਾ ਰੁਖ਼ ਪੀਸੀ ਪਾਰਟੀ ਵੱਲ

ਪੰਨਾ 1 ਦਾ ਬਾਕੀ

ਚੌਥੇ ਸਥਾਨ ਉੱਤੇ ਹੈ। ਜੀਟੀਏ ਵਿੱਚ ਮੁਕਾਬਲਾ ਕਾਫੀ ਫਸਵਾਂ ਹੈ। ਇੱਥੇ ਟੋਰੀਜ਼ ਲਿਬਰਲਾਂ ਤੋਂ ਸਿਰਫ ਚਾਰ ਅੰਕਾਂ ਨਾਲ ਅੱਗੇ ਚੱਲ ਰਹੇ ਹਨ ਜਦਕਿ ਬਾਕੀ ਓਨਟਾਰੀਓ ਵਿੱਚ ਪਾਰਟੀ ਨੂੰ ਲਿਬਰਲਾਂ ਉੱਤੇ 15 ਅੰਕਾਂ ਦੀ ਲੀਡ ਹਾਸਲ ਹੈ।

ਆਗੂ ਵਜੋਂ ਫੋਰਡ ਨੂੰ ਵੀ ਹੋਰ ਮਕਬੂਲੀਅਤ ਹਾਸਲ ਹੋ ਰਹੀ ਹੈ। 33·8 ਫੀ ਸਦੀ ਲੋਕਾਂ ਵੱਲੋਂ ਫੋਰਡ ਨੂੰ ਆਪਣਾ ਪਸੰਦੀਦਾ ਆਗੂ ਦੱਸਿਆ ਜਾ ਰਿਹਾ ਹੈ ਜਦਕਿ ਲਿਬਰਲ ਆਗੂ ਡੈੱਲ ਡੂਕਾ ਇਸ ਮਾਮਲੇ ਵਿੱਚ 23·4 ਫੀ ਸਦੀ ਨਾਲ ਕਾਫੀ ਪਿੱਛੇ ਹਨ ਤੇ ਹੋਰਵਥ 17·5 ਫੀ ਸਦੀ ਅੰਕਾਂ ਨਾਲ ਤੀਜੇ ਸਥਾਨ ਉੱਤੇ ਹੈ। ਨਾਲੋਂ ਤੇ ਉਸ ਤੋਂ ਪਿਛਲੇ ਹਫਤੇ ਕਰਵਾਏ ਗਏ ਸਰਵੇਖਣ ਦੇ 35·4 ਫੀ ਸਦੀ ਨਤੀਜਿਆਂ ਨਾਲੋਂ ਕਿਤੇ ਜ਼ਿਆਦਾ ਹੈ।

28 ਫੀ ਸਦੀ ਵੋਟਰਾਂ ਨੇ ਲਿਬਰਲਾਂ ਲਈ ਵੋਟ ਭੁਗਤਾਉਣ ਦੀ ਇੱਛਾ ਪ੍ਰਗਟਾਈ ਜਦਕਿ ਐਨਡੀਪੀ ਦੀ ਐਂਡਰੀਆ ਹੋਰਵਥ ਪਿਛਲੇ ਹਫਤੇ ਕਰਵਾਏ ਗਏ ਸਰਵੇਖਣ ਦੇ ਮੁਕਾਬਲੇ ਤਿੰਨ ਅੰਕ ਹੋਰ ਹਾਸਲ ਕਰਕੇ 23·2 ਫੀ ਸਦੀ ਨਾਲ ਤੇਜੀ ਨਾਲ ਅੱਗੇ ਵੱਧ ਰਹੀ ਹੈ। ਗ੍ਰੀਨ ਪਾਰਟੀ 6·3 ਫੀ ਸਦੀ ਅੰਕਾਂ ਨਾਲ

# ਯੂਕਰੇਨੀਅਨ ਮਿਲਟਰੀ ਦੀ ਮਦਦ ਲਈ ਕੈਨੇਡਾ ਭੇਜੇਗਾ ਹੋਰ ਅਸਲਾ ਤੇ ਗੋਲੀ ਸਿੱਕਾ : ਆਨੰਦ

ਪੰਨਾ 1 ਦਾ ਬਾਕੀ

ਇਨ੍ਹਾਂ ਰੌਂਦਾਂ ਦੀ ਵਰਤੋਂ ਤੋਪਖਾਨੇ ਦੀਆਂ ਗੰਨਜ਼, ਜਿਨ੍ਹਾਂ ਵਿੱਚ ਐਮ777 ਹੋਵਿਟਜ਼ਰਜ਼ ਕੈਨੇਡਾ ਵੱਲੋਂ ਪਹਿਲਾਂ ਹੀ ਭੇਜੀਆਂ ਜਾ ਚੁੱਕੀਆਂ ਹਨ, ਵਿੱਚ ਵੀ ਕੀਤੀ ਜਾ ਸਕਦੀ ਹੈ। ਰੱਖਿਆ ਮੰਤਰਾਲੇ ਦਾ ਕਹਿਣਾ ਹੈ ਕਿ ਕੈਨੇਡੀਅਨ ਆਰਮਡ ਫੋਰਸਿਜ਼ ਵੱਲੋਂ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਰਨ ਦੀ ਸਿਖਲਾਈ ਯੂਕਰੇਨੀਅਨ ਸਕਿਊਰਿਟੀ ਫੋਰਸਿਜ਼ ਨੂੰ ਦਿੱਤੀ ਜਾ ਚੁੱਕੀ ਹੈ।

ਰੱਖਿਆ ਮੰਤਰੀ ਅਨੀਤਾ ਆਨੰਦ ਨੇ ਮੰਗਲਵਾਰ ਨੂੰ ਵਿਕਟੋਰੀਆ, ਬੀਸੀ ਵਿੱਚ ਯੂਕਰੇਨੀਅਨ ਕਲਚਰਲ ਸੈਂਟਰ ਵਿਖੇ ਇਹ ਐਲਾਨ ਕੀਤਾ ਗਿਆ। ਇਸ ਮੌਕੇ ਆਨੰਦ ਨੇ ਆਖਿਆ ਕਿ ਆਪਣੇ ਪੂਰਬੀ ਖੇਤਰ ਨੂੰ ਬਚਾਉਣ ਲਈ ਰੂਸ ਨਾਲ ਜਾਰੀ ਯੂਕਰੇਨ ਦੀ ਤਾਜ਼ਾ ਲੜਾਈ ਵਿੱਚ ਵਾਧੂ ਫੌਜੀ ਸਹਾਇਤਾ ਕਾਫੀ ਅਹਿਮੀਅਤ ਰੱਖਦੀ ਹੈ। ਉਨ੍ਹਾਂ ਆਖਿਆ ਕਿ ਇਸ ਮਦਦ ਨੂੰ ਜਲਦ ਤੋਂ ਜਲਦ ਯੂਕਰੇਨ ਪਹੁੰਚਾਉਣ ਲਈ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਿਆ ਹੈ।


## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
## ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011


# ਕੈਥੋਲਿਕ ਸਕੂਲ ਵਿੱਚ ਕੀਤੀ ਗਈ ਭੰਨ੍ਹ-ਤੋੜ




ਟੋਰਾਂਟੋ, 24 ਮਈ (ਪੋਸਟ ਬਿਊਰੋ) : ਲਾਂਗ ਵੀਕੈਂਡ ਉੱਤੇ ਨੌਰਥ ਯੌਰਕ ਸਥਿਤ ਸੇਂਟ ਆਗਸਟਿਨ ਕੈਥੋਲਿਕ ਸਕੂਲ ਵਿੱਚ ਤੋੜ ਭੰਨ੍ਹ ਕੀਤੇ ਜਾਣ ਦੇ ਮਾਮਲੇ ਦੀ ਜਾਂਚ ਟੋਰਾਂਟੋ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਜਾਂਚਕਾਰਾਂ ਨੇ ਸੋਮਵਾਰ ਨੂੰ ਦੱਸਿਆ ਕਿ ਦੁਪਹਿਰ 4:00 ਵਜੇ ਦੇ ਨੇੜੇ ਤੇੜੇ ਸਕੂਲ ਵਿੱਚ ਵਾਪਰੀ ਇੱਕ ਘਟਨਾ ਤੋਂ ਬਾਅਦ ਪੁਲਿਸ ਨੂੰ ਸੱਦਿਆ ਗਿਆ। ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (ਟੀਸੀਡੀਐਸਬੀ) ਦੇ ਬੁਲਾਰੇ ਨੇ ਦੱਸਿਆ ਕਿ ਦੂਜੀ ਮੰਜ਼ਿਲ ਨੂੰ ਬੰਦ ਕਰ ਦਿੱਤਾ ਗਿਆ ਹੈ ਪਰ ਐਲੀਮੈਂਟਰੀ ਸਕੂਲ ਨੂੰ ਖੁੱਲ੍ਹਾ ਰੱਖਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਨੁਕਸਾਨ ਵੱਡੀ ਪੱਧਰ ਉੱਤੇ ਕੀਤਾ ਗਿਆ ਹੈ।

ਟੀਸੀਡੀਐਸਬੀ ਨੇ ਦੱਸਿਆ ਕਿ ਸਕੂਲ ਦੀ ਇੱਕ ਖਿੜਕੀ ਦਾ ਸ਼ੀਸ਼ਾ ਟੁੱਟਿਆ ਹੋਇਆ ਸੀ, ਸਕੂਲ ਦੀ ਹੋਰ ਸਮੱਗਰੀ ਦੀ ਤੋੜ ਭੰਨ੍ਹ ਕੀਤੀ ਗਈ ਸੀ ਤੇ ਸਮਾਨ ਇੱਧਰ ਉੱਧਰ ਖਿੱਲਰਿਆ ਪਿਆ ਸੀ। ਸਟਾਫ ਵੱਲੋਂ ਕੀਤੀ ਗਈ ਸਫਾਈ ਦੌਰਾਨ ਦੂਜੀ ਮੰਜ਼ਿਲ ਉੱਤੇ ਮੌਜੂਦ ਵਿਦਿਆਰਥੀਆਂ ਨੂੰ ਹੋਰਨਾਂ ਥਾਂਵਾਂ ਉੱਤੇ ਭੇਜ ਦਿੱਤਾ ਗਿਆ ਸੀ।

ਇਸ ਘਟਨਾ ਦੇ ਸਬੰਧ ਵਿੱਚ ਮਾਪਿਆਂ ਤੇ ਗਾਰਜੀਅਨਜ਼ ਨੂੰ ਪੱਤਰ ਵੀ ਭੇਜਿਆ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਸ ਤੋੜ ਭੰਨ੍ਹ ਦਾ ਮੰਤਵ ਅਜੇ ਤੱਕ ਸਪਸ਼ਟ ਨਹੀਂ ਹੋ ਸਕਿਆ ਹੈ। ਪੁਲਿਸ ਨੇ ਆਖਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


## ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
→ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
→ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਭਾਰਤੀ ਸੈਨਾ ਦੀਆਂ ਸਾਰੀਆਂ ਸ਼ਾਖਾਵਾਂ ਦੇ ਸੇਵਾਮੁਕਤ ਸੈਨਿਕਾਂ ਦੀ ਇਕੱਤਰਤਾ ਐਤਵਾਰ 5 ਜੂਨ ਨੂੰ

ਬਰੈਂਪਟਨ, (ਡਾ. ਝੰਡ) -ਕੈਪਟਨ ਇਕਬਾਲ ਸਿੰਘ ਵਿਰਕ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਵੱਲੋਂ ਭਾਰਤੀ ਸੈਨਾ ਦੀਆਂ ਸਾਰੀਆਂ ਸ਼ਾਖਾਵਾਂ ਏਅਰ ਫੋਰਸ, ਨੇਵੀ, ਥਲ ਸੈਨਾ, ਬੀ.ਐੱਸ.ਐੱਫ. ਤੇ ਟੈਰੀਟੋਰੀਅਲ ਆਰਮੀ ਦੇ ਸੇਵਾਮੁਕਤ ਸੈਨਿਕਾਂ ਦੀ ਇਕ ਇਕੱਤਰਤਾ ਕੈਸੀਕੈਂਬਲ ਕਮਿਊਨਿਟੀ ਸੈਂਟਰ, ਬਰੈਂਪਟਨ ਦੇ ਕਮਰਾ ਨੰਬਰ 1 ਵਿਚ 5 ਜੂਨ ਦਿਨ ਐਤਵਾਰ ਨੂੰ ਸਵੇਰੇ 8.00 ਵਜੇ ਤੋਂ 11.00 ਵਜੇ ਤੱਕ ਬੁਲਾਈ ਗਈ ਗਈ ਹੈ ਜਿਸ ਵਿਚ ਆਪੋ ਵਿਚ ਸੰਪਰਕ ਰੱਖਣ ਅਤੇ ਸਾਬਕਾ ਫੌਜੀਆਂ ਦੇ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਏਗਾ। ਇਨ੍ਹਾਂ ਸੈਨਿਕਾਂ ਵਿੱਚੋਂ ਬਹੁਤ ਸਾਰਿਆਂ ਨੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਹੋਈਆਂ ਪੰਜ ਜੰਗਾਂ ਬਹਾਦਰੀ ਨਾਲ ਲੜੀਆਂ ਹੋਣਗੀਆਂ ਅਤੇ ਕਈਆਂ ਦੇ ਬਜ਼ੁਰਗਾਂ ਨੇ ਤਾਂ ਪਹਿਲੀ ਤੇ ਦੂਸਰੀ ਵਿਸ਼ਵ ਜੰਗ ਵਿਚ ਵੀ ਹਿੱਸਾ ਲਿਆ ਹੋਵੇਗਾ। ਅਫਸਰ ਰੈਂਕ ਤੋਂ ਲੈ ਕੇ ਹੇਠਲੇ ਸਮੂਹ ਰੈਂਕਾਂ ਤੱਕ ਸਾਰਿਆਂ ਨੂੰ ਕੈਪਟਨ ਵਿਰਕ ਅਤੇ ਸੇਵਾ ਸਿੰਘ ਬਡਿਆਲ ਵੱਲੋਂ ਇਸ ਮੀਟਿੰਗ ਵਿਚ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ। ਫੌਜੀ ਵਿਧਵਾਵਾਂ ਨੂੰ ਵੀ ਇਸ ਮੀਟਿੰਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਵਿਚਾਰ ਕੀਤੀ ਜਾ ਸਕੇ। ਆਉਣ ਜਾਣ ਦੀ ਦਿੱਕਤ ਦੀ ਹਾਲਤ ਵਿਚ ਰਾਈਡ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।

ਕੈਪਟਨ ਵਿਰਕ ਦਾ ਕਹਿਣਾ ਹੈ ਕਿ ਮੀਟਿੰਗ ਵਿਚ ਸਾਰਿਆਂ ਨੂੰ ਬਰਾਬਰ ਦਾ ਸਤਿਕਾਰ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਸਮਾਂ ਦਿੱਤਾ ਜਾਏਗਾ। ਸਾਰੇ ਸਾਬਕਾ ਫੌਜੀ ਲੜੀਆਂ ਜੰਗਾਂ ਦੇ ਆਪੋ ਆਪਣੇ ਤਜਰਬੇ ਸਾਂਝੇ ਕਰਨਗੇ ਅਤੇ ਹੱਸ-ਖੇਡ ਕੇ ਇਸ ਇਕੱਤਰਤਾ ਦਾ ਅਨੰਦ ਮਾਨਣਗੇ। ਗਰਮਾ-ਗਰਮ ਚਾਹਪਾਣੀ ਤੇ ਸਨੈਕਸ ਦਾ ਵਧੀਆ ਪ੍ਰਬੰਧ ਕੀਤਾ ਜਾਏਗਾ। ਇਸ ਦੇ ਲਈ ਕੋਈ ਖਰਚਾ ਨਹੀਂ ਲਿਆ ਜਾਏਗਾ ਤੇ ਨਾ ਹੀ ਕਿਸੇ ਕਿਸਮ ਦੀ ਕੋਈ ਮੈਂਬਰਸ਼ਿਪ ਹੀ ਲਈ ਜਾਏਗੀ, ਅਤੇ ਨਾ ਹੀ ਮੈਂਬਰਸ਼ਿਪ ਪੁੱਛੀ ਜਾਏਗੀ। ਅਲਬੱਤਾ! ਇਹ ਜਰੂਰ ਦੇਖਿਆ ਜਾਏਗਾ ਕਿ ਸਬੰਧਿਤ ਵਿਅਕਤੀ ਸਾਬਕਾ ਭਾਰਤੀ ਸੈਨਿਕ ਹੀ ਹੈ। ਬਰੈਂਪਟਨ ਸਿਟੀ ਬੱਸ ਦੀ ਸੇਵਾ ਦਾ ਲਾਭ ਉਠਾਉਣ ਵਾਲੇ ਸਾਬਕਾ ਸੈਨਿਕ ਵੀਰਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕੈਸੀਕੈਂਬਲਕਮਿਊਨਿਟੀ ਸੈਂਟਰ ਪਹੁੰਚਣ ਲਈ ਸੈਂਡਲਵੁਡ ਰੋਡ 'ਤੇ 23 ਨੰਬਰ ਬੱਸ ਚੱਲਦੀ ਹੈ ਅਤੇ ਇਸੇ ਤਰਾਂ ਚਿੰਗੂਆਕੂਜ਼ੀਰੋਡ 'ਤੇ 4 ਤੇ 4-ਏ ਬੱਸਾਂ ਚੱਲਦੀਆਂ ਹਨ।

ਜ਼ਿਕਰਯੋਗ ਹੈ ਕਿ ਕੈਪਟਨ ਵਿਰਕ ਨੂੰ ਬਰੈਂਪਟਨ ਵਿਚ ਬਹੁਤ ਸਾਰੇ ਲੋਕ ਪਹਿਲਾਂ ਹੀ ਜਾਣਦੇ ਹਨ ਪਰ ਫਿਰ ਵੀ ਜਿਹੜੇ ਫੌਜੀ ਵੀਰ ਉਨ੍ਹਾਂ ਬਾਰੇ ਨਹੀਂ ਜਾਣਦੇ, ਉਨ੍ਹਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਇਹ ਓਹੀ ਇਨਸਾਨ ਹਨ ਜਿਨਾਂ ਨੇ ਪਹਿਲੀ ਨਵੰਬਰ 2015 ਅਤੇ 17 ਨਵੰਬਰ 2017 ਨੂੰ ਭਾਰਤੀ ਕੌਂਸਲੇਟ ਜਨਰਲ ਦਫ਼ਤਰ ਦੇ ਸਹਿਯੋਗ ਨਾਲ ਫ਼ਰੀ ਲਾਈਫ-ਸਰਟੀਫੀਕੇਟ ਕੈਂਪ ਲਗਾ ਕੇ ਬਰੈਂਪਟਨ ਵਿਚ ਇਸ ਪਰੰਪਰਾ ਦੀ . ਸ਼ੁਰੂਆਤ ਕੀਤੀ ਸੀ। ਭਾਰਤੀ ਸੈਨਾ ਦੇ ਸਾਬਕਾ ਫੌਜੀ ਵੀਰਾਂ ਦੇ ਮਿਲ ਬੈਠਣ ਦੇ ਇਸ ਸਮਾਗਮ ਵਿਚ ਉਨਾਂ ਦੀ ਯੋਗ ਅਗਵਾਈ ਵਿਚ ਸੱਭ ਤੋਂ ਵੱਡੀ ਉਮਰ ਵਾਲੇ ਸਾਬਕਾ ਭਾਰਤੀ ਫੌਜੀ ਨੂੰ ਸਨਮਾਨਿਤ ਕੀਤਾ ਜਾਏਗਾ। ਉਨਾਂ ਵੱਲੋਂ ਅਤੇ ਸੇਵਾ ਸਿੰਘ ਬਡਿਆਲ ਵੱਲੋਂ ਭਾਰਤੀ ਸੈਨਾਵਾਂ ਦੇ ਸਮੂਹ ਸਾਬਕਾ ਫੌਜੀਆਂ ਨੂੰ ਇਸ ਇਕੱਤਰਤਾ ਵਿਚ ਸ਼ਿਰਕਤ ਕਰਨ ਲਈ ਇਕ ਵਾਰ ਫਿਰ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕੈਪਟਨ ਵਿਰਕ ਨੂੰ 647-631-9445 ਜਾਂ ਸੇਵਾ ਸਿੰਘ ਬਡਿਆਲ ਨੂੰ 647-575-9279 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਸਰਕਾਰ ਨੇ ਲੋਕਾਂ ਦੇ ਹਿੱਤ ਖਾਤਰ ਖਾਣ ਦੇ ਤੇਲਾਂ ਦੀ ਇੰਪੋਰਟ ਡਿਊਟੀ ਹਟਾਈ

ਨਵੀਂ ਦਿੱਲੀ, 24 ਮਈ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਮਹਿੰਗਾਈ ਰੋਕਣ ਲਈ ਇੱਕਵੱਡਾ ਕਦਮ ਚੁੱਕਦੇ ਹੋਏ ਕੱਚੇ ਸੋਇਆਬੀਨ ਅਤੇ ਸੂਰਜਮੁਖੀ ਤੇਲ ਦੀ ਇੰਪੋਰਟ ਮਾਰਚ 2024 ਤੱਕ ਡਿਊਟੀ ਮੁਕਤ ਕਰ ਦਿੱਤੀ ਹੈ। ਇਨ੍ਹਾਂ ਦੀ ਇੰਪੋਰਟ ਉੱਤੇ ਖੇਤੀ ਸੈੱਸ ਵੀ ਲਾਗੂ ਨਹੀਂ ਹੋਵੇਗਾ।

ਇਸ ਸੰਬੰਧ ਵਿੱਚ ਭਾਰਤ ਦੇ ਵਿੱਤ ਮੰਤਰਾਲੇ ਅੱਜ ਜਾਰੀ ਕੀਤੇ ਨੋਟੀਫਿਕੇਸ਼ਨ ਮੁਤਾਬਕ ਸਾਲ 2022-23 ਅਤੇ 2023-24 ਵਿੱਚ ਹਰ ਸਾਲ 20 ਲੱਖ ਟਨ ਕੱਚੇ ਸੋਇਆਬੀਨ ਅਤੇ ਸੂਰਜਮੁਖੀ ਤੇਲ ਦੀ ਇੰਪੋਰਟ ਕਰਨਦੀ ਡਿਊਟੀ ਨਹੀਂ ਲੱਗੇਗੀ। ਅਸਿੱਧੇ ਟੈਕਸ ਤੇ ਕਸਟਮ ਬਾਰੇਕੇਂਦਰੀ ਬੋਰਡ (ਸੀਬੀਆਈਸੀ) ਨੇ ਟਵੀਟ ਕੀਤਾ ਹੈ ਕਿ ਇਸ ਕਦਮ ਨਾਲ ਮਹਿੰਗਾਈਨੂੰ ਰੋਕ ਲੱਗੇਗੀ ਅਤੇ ਆਮ ਆਦਮੀ ਨੂੰ ਰਾਹਤ ਮਿਲੇਗੀ। ਭਾਰਤ



ਆਪਣੀ ਖਾਣ ਵਾਲੇ ਤੇਲ ਦੀ ਲੋੜ ਦਾ 60 ਫੀਸਦੀ ਇੰਪੋਰਟ ਕਰਦਾ ਹੈ। ਖਾਣ ਵਾਲੇ ਤੇਲ ਦਾ ਮਹਿੰਗਾਈ ਵਿੱਚਵੱਡਾ ਹਿੱਸਾ ਹੈ ਤੇ ਖਾਣ ਦੇ ਤੇਲ ਦੀਆਂ ਪ੍ਰਚੂਨ ਕੀਮਤਾਂ ਵਿੱਚ ਪਿਛਲੇ ਤਿੰਨ ਮਹੀਨਿਆਂ ਵਿੱਚ 15 ਫੀਸਦੀ ਤੋਂ ਵੱਧ ਵਾਧਾ ਹੋਇਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਭਾਰਤ ਸਰਕਾਰ ਖੰਡ ਦੀ ਐਕਸਪੋਰਟ ਵੀ ਸੀਮਤ ਕਰ ਸਕਦੀ ਹੈ।ਇਸ ਵੇਲੇ ਚੱਲ ਰਹੇ ਖੰਡ ਸੀਜ਼ਨ 2021-22 (ਅਕਤੂਬਰ-ਸਤੰਬਰ) ਵਿੱਚਅੱਜ ਤੱਕ 75 ਲੱਖ ਟਨ ਖੰਡ ਐਕਸਪੋਰਟ ਕੀਤੀ ਹੈ ਅਤੇ ਇਸ ਨੂੰ 100 ਲੱਖ ਟਨ ਤੱਕ ਸੀਮਤ ਕੀਤਾ ਜਾ ਸਕਦਾ ਹੈ।ਇਸ ਸਮੇਂਖੰਡ ਦੀ ਪ੍ਰਚੂਨ ਕੀਮਤ 41.50 ਰੁਪਏ ਕਿਲੋ ਹੈ, ਜੋ ਅਗਲੇ ਦਿਨੀਂ 40-43 ਰੁਪਏ ਕਿਲੋ ਹੋ ਸਕਦੀ ਹੈ।ਰਿਟੇਲ ਮਹਿੰਗਾਈ ਵਿੱਚ ਫੈਬਰਿਕ ਸ਼ਾਮਲ ਹੁੰਦੇ ਹਨ, ਇਸ ਲਈ ਕੱਪੜਿਆਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਸਰਕਾਰ ਕਪਾਹ ਦੀ ਇੰਪੋਰਟ ਡਿਊਟੀ ਮੁਕਤ ਕਰ ਸਕਦੀ ਹੈ ਤਾਂ ਜੋ ਘਰੇਲੂਕੱਪੜਾ ਨਿਰਮਾਤਾਵਾਂ ਨੂੰ ਸੂਤੀ ਧਾਗੇ ਸਸਤੇ ਭਾਅ ਉੱਤੇਮਿਲ ਸਕਣ।ਬੀਤੇ ਸਮੇਂ ਵਿੱਚਐਕਸਪੋਰਟ ਵਧਣ ਨਾਲ ਕਪਾਹ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ।ਛੇ ਮਹੀਨੇ ਪਹਿਲਾਂ ਘਰੇਲੂ ਬਾਜ਼ਾਰ ਵਿੱਚ ਕਪਾਹ ਦੀ ਕੀਮਤ 55,000 ਰੁਪਏ ਪ੍ਰਤੀ ਕੈਂਡੀ (356 ਕਿਲੋਗ੍ਰਾਮ) ਸੀ, ਜੋ 1.10 ਲੱਖ ਰੁਪਏ ਕੈਂਡੀ ਤੱਕ ਚਲੀ ਗਈ ਹੈ। ਜੇ ਕਪਾਹ ਦੀ ਸਪਲਾਈ ਘੱਟ ਹੁੰਦੀ ਹੈ ਤਾਂ ਇਹ ਕੀਮਤ 1.25 ਲੱਖ ਰੁਪਏ ਕੈਂਡੀ ਤੱਕ ਜਾ ਸਕਦੀ ਹੈ।

# ਬਿਨਾਂ ਇਜਾਜ਼ਤ ਯੂਜ਼ਰਜ਼ ਦਾ ਡਾਟਾ ਵਰਤਣ ਬਾਰੇ ਮਾਰਕ ਜ਼ੁਕਰਬੁਰਗ ਦੇ ਖਿਲਾਫ ਕੇਸ ਦਰਜ



ਵਾਸ਼ਿੰਗਟਨ, 24 ਮਈ, (ਪੋਸਟ ਬਿਊਰੋ)- ਡਿਸਟ੍ਰਿਕਟ ਆਫ ਕੋਲੰਬੀਆ (ਡੀਸੀ) ਨੇ ਇਸ ਸੋਮਵਾਰ ਨੂੰ ਮੇਟਾ ਦੇ ਮੁਖੀਮਾਰਕ ਜ਼ੁਕਰਬਰਗਦੇ ਖਿਲਾਫ ਕੇਸ ਦਾਇਰ ਕੀਤਾਅਤੇ ਉਸ ਨੂੰ ਕੈਂਬਰਿਜ ਐਨਾਲਿਟਿਕਾ ਸਕੈਂਡਲ ਵਿੱਚ ਨਿੱਜੀ ਤੌਰ ਉੱਤੇਜ਼ਿੰਮੇਵਾਰ ਮੰਨ ਕੇ ਸਜ਼ਾ ਦੀ ਅਪੀਲ ਕੀਤੀ ਹੈ। ਕਰੋੜਾਂ ਫੇਸਬੁੱਕਯੂਜ਼ਰਜ਼ ਦੇ ਡੇਟਾ ਦੀ ਪ੍ਰਾਈਵੇਸੀ ਦੀ ਉਲੰਘਣਾ ਨਾਲ ਜੁੜੇ ਇਸ ਕੇਸਨੂੰ ਇੱਕਵੱਡਾ ਕਾਰਪੋਰੇਟ ਅਤੇ ਸਿਆਸੀ ਘਪਲਾ ਮੰਨਿਆ ਜਾ ਰਿਹਾ ਹੈ।

ਡੀਸੀ ਅਟਾਰਨੀ ਜਨਰਲ ਕਾਰਲ ਰੇਸਿਨ ਨੇ ਡੀਸੀ ਸੁਪੀਰੀਅਰ ਕੋਰਟ ਵਿੱਚ ਮਾਰਕ ਜ਼ੁਕਰਬਰਗ ਦੇ ਖਿਲਾਫ ਸਿਵਲ ਕੇਸ ਦਾਇਰ ਕਰ ਕੇ ਦੋਸ਼ ਲਾਇਆ ਕਿ ਕੰਪਨੀ ਦੇ ਖਾਸ ਫੈਸਲਿਆਂ ਵਿੱਚ ਜ਼ੁਕਰਬਰਗ ਸਿੱਧੇ ਤੌਰ ਉੱਤੇ ਸ਼ਾਮਲ ਸੀ। ਉਹ ਯੂਜ਼ਰਜ਼ ਦਾ ਡਾਟਾ ਸ਼ੇਅਰ ਕਰਨ ਦੇ ਖ਼ਤਰੇ ਜਾਣਦਾ ਸੀ, ਜਿਵੇਂ ਕੈਂਬਰਿਜ ਐਨਾਲਿਟਿਕਾ, ਇੱਕ ਡੇਟਾ ਇਕੱਠਾ ਕਰਨ ਵਾਲੀ ਕੰਪਨੀ ਦੇ ਕੇਸਵਿੱਚ ਹੋਇਆ ਸੀ। ਇਹ ਦੋਸ਼ ਲੱਗਾ ਹੈ ਕਿ ਕੈਂਬਰਿਜ ਐਨਾਲਿਟਿਕਾ ਨੇ ਘੱਟੋ-ਘੱਟ 8700 ਮਿਲੀਅਨ ਫੇਸਬੁੱਕਯੂਜ਼ਰਜ਼ਦਾ ਡੇਟਾ ਉਨ੍ਹਾਂ ਦੀ ਇਜਾਜ਼ਤ ਬਿਨਾਂ ਇਕੱਠਾ ਕੀਤਾ ਅਤੇ ਅਮਰੀਕਾ ਵਿੱਚ 2016 ਦੀਆਂ ਰਾਸ਼ਟਰਪਤੀ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਇਸਦੀ ਵਰਤੋਂ ਕੀਤੀ ਸੀ।

ਤਾਜ਼ਾ ਕੇਸ ਵਿੱਚ ਪੇਸ਼ ਕੀਤੇ ਤੱਥਾਂ ਅਨੁਸਾਰ 'ਫੇਸਬੁੱਕਦਾਕੋ-ਫਾਊਂਡਰ ਮਾਰਕ ਜ਼ੁਕਰਬਰਗ 2012 ਤੋਂ ਇਸ ਦੇ ਬੋਰਡ ਦਾ ਮੁਖੀ ਹੈ। ਉਸ ਕੋਲ ਫੇਸਬੁੱਕ ਦੇ 50 ਫੀਸਦੀ ਤੋਂ ਵੱਧ ਵੋਟਿੰਗ ਸ਼ੇਅਰ ਹਨ ਤੇ ਦੁਨੀਆ ਦੀ ਸਭ ਤੋਂ ਵੱਡੀ ਇੰਟਰਨੈੱਟ ਕੰਪਨੀ ਚਲਾਉਣ ਉੱਤੇ ਉਸ ਦਾ ਪੂਰਾ ਕੰਟਰੋਲ ਹੈ। ਦੁਨੀਆ ਭਰ ਵਿੱਚਫੇਸਬੁੱਕ ਯੂਜ਼ਰਸ ਦੀ ਗਿਣਤੀ ਤਿੰਨ ਸੌ ਕਰੋੜ ਪਾਰ ਕਰ ਚੁੱਕੀ ਹੈ। ਮੈਟਾ ਦੀ ਮਾਰਕੀਟ ਕੀਮਤ500 ਬਿਲੀਅਨ ਡਾਲਰ ਤੋਂ ਵੱਧ ਦਾ ਅੰਦਾਜ਼ਾ ਹੈ। ਰੇਸਿਨ ਨੇ ਜ਼ੁਕਰਬਰਗ ਤੋਂ ਹਰਜਾਨੇ ਤੇ ਜੁਰਮਾਨੇ ਦੀ ਮੰਗ ਕੀਤੀ ਹੈ, ਜੋ ਕੇਸ ਦੌਰਾਨ ਤੈਅ ਹੋਵੇਗੀ। ਮੈਟਾ ਪਲੇਟਫਾਰਮ ਦੇ ਬੁਲਾਰੇ ਐਂਡੀ ਸਟੋਨ ਨੇ ਇਸ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਪੰਜਾਬ ਸਰਕਾਰ ਨੇ ਗਰੁੱਪ-ਸੀ ਅਤੇ ਡੀ ਦੀਆਂ ਪੋਸਟਾਂ ਲਈ ਪੰਜਾਬੀ ਯੋਗਤਾ ਟੈਸਟ ਲਾਜ਼ਮੀ ਕੀਤਾ

ਚੰਡੀਗੜ੍ਹ, 24 ਮਈ, (ਪੋਸਟ ਬਿਊਰੋ)- ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈਜ਼ਰੂਰੀ ਸਮਝ ਕੇ ਅੱਜ ਲਏ ਇੱਕ ਵੱਡੇ ਫੈਸਲੇ ਨਾਲ ਰਾਜ ਸਰਕਾਰ ਦੀਆਂ ਗਰੁੱਪ-ਸੀ ਅਤੇ ਡੀ ਦੀਆਂ ਸਭ ਪੋਸਟਾਂ ਲਈ ਉਮੀਦਵਾਰਾਂ ਨੂੰ ਸਬੰਧਿਤ ਪੋਸਟ ਦੀ ਮਿਥੀ ਹੋਈ ਭਰਤੀ ਪ੍ਰੀਖਿਆ ਤੋਂ ਇਲਾਵਾ ਪੰਜਾਬੀ ਯੋਗਤਾ ਪ੍ਰੀਖਿਆ ਘਟੋ-ਘੱਟ 50 ਫ਼ੀਸਦੀ ਨੰਬਰਾਂ ਨਾਲ ਪਾਸ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਆਪਣੀ ਸਰਕਾਰੀ ਰਿਹਾਇਸ਼ ਉੱਤੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਲਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਉਤਸ਼ਾਹਤ ਕਰਨ ਵਾਸਤੇਅੱਗੇ ਤੋਂਗਰੁੱਪ-ਸੀ ਅਤੇ ਡੀ ਦੀਆਂ ਸਾਰੀਆਂ ਪੋਸਟਾਂ ਦੀ ਭਰਤੀ ਲਈ ਹਾਜ਼ਰ ਹੋਏ ਸਾਰੇ ਉਮੀਦਵਾਰਾਂ ਲਈ ਸਬੰਧਤ ਪੋਸਟਾਂਦੀ ਲੋੜੀਂਦੀ ਭਰਤੀ ਪ੍ਰੀਖਿਆ ਤੋਂ ਪਹਿਲਾਂ ਪੰਜਾਬੀ ਯੋਗਤਾ ਪ੍ਰੀਖਿਆ ਨੂੰ ਘੱਟੋ-ਘੱਟ 50 ਫ਼ੀਸਦੀ ਨੰਬਰ ਨਾਲ ਪਾਸ ਕਰਨਾਵੀ ਲਾਜ਼ਮੀ ਸ਼ਰਤ ਹੋਵੇਗਾ। ਇਸ ਮੀਟਿੰਗ ਵਿੱਚ ਇਹ ਵੀ ਦੱਸਿਆ ਗਿਆ ਕਿ ਪੰਜਾਬ ਸਰਕਾਰ ਨੇ 26,454 ਪੋਸਟਾਂ ਲਈ ਭਰਤੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਜਿਸ ਵਿੱਚਗਰੁੱਪ 'ਸੀ' ਅਤੇ 'ਡੀ' ਪੋਸਟਾਂ ਦੀ ਗਿਣਤੀ ਕਾਫ਼ੀ ਵੱਡੀ ਹੈ।

# ਭਾਜਪਾ ਆਗੂ ਤੇਜਿੰਦਰਪਾਲ ਬੱਗਾ ਦੇ ਕੇਸ ਵਿੱਚ ਪੰਜਾਬ ਪੁਲਿਸ ਦਿੱਲੀ ਹਾਈ ਕੋਰਟ ਪਹੁੰਚੀ

*** ਦਿੱਲੀ ਪੁਲਿਸ, ਸਰਕਾਰ ਤੇ ਬੱਗਾ ਨੂੰ ਨੋਟਿਸ ਜਾਰੀ**

ਨਵੀਂ ਦਿੱਲੀ, 24 ਮਈ, (ਪੋਸਟ ਬਿਊਰੋ)- ਪੰਜਾਬ ਪੁਲੀਸ ਵੱਲੋਂ ਭਾਜਪਾ ਆਗੂ ਤਜਿੰਦਰਪਾਲ ਸਿੰਘ ਬੱਗਾ ਨੂੰ ਉਸ ਦੇ ਘਰ ਤੋਂ ਕਥਿਤ ਤੌਰ ਉੱਥੇ ਅਗਵਾ ਕਰਨ ਬਾਰੇਦਿੱਲੀ ਪੁਲੀਸ ਵੱਲੋਂ ਦਰਜ ਕੀਤਾ ਕੇਸ ਰੱਦ ਕਰਨ ਦੀ ਮੰਗ ਉੱਤੇਦਿੱਲੀ ਹਾਈ ਕੋਰਟ ਨੇ ਸੰਬੰਧਤ ਧਿਰਾਂ ਕੋਲੋਂ ਜਵਾਬ ਮੰਗਿਆ ਹੈ।ਦਿੱਲੀ ਹਾਈ ਕੋਰਟ ਦੇ ਜਸਟਿਸ ਅਨੂ ਮਲਹੋ-ਤਰਾ ਦੀ ਬੈਂਚ ਨੇ ਦਿੱਲੀ ਪੁਲਿਸ, ਦਿੱਲੀ ਸਰਕਾਰ ਅਤੇ ਤਜਿੰਦਰਪਾਲ ਸਿੰਘ ਬੱਗਾ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਅੰਦਰ ਜਵਾਬ ਦੇਣ ਨੂੰ ਕਿਹਾ ਹੈ।ਕੇਸਦੀ ਅਗਲੀ ਸੁਣਵਾਈ 26 ਜੂਨ ਨੂੰ ਹੋਵੇਗੀ।

ਪੰਜਾਬ ਦੇ ਐਸਏਐਸ ਨਗਰ (ਮੋਹਾਲੀ) ਦੇ ਐਸਪੀ (ਦਿਹਾਤੀ) ਮਨਪ੍ਰੀਤ ਸਿੰਘ ਨੇ ਅੱਜ ਅਰਜ਼ੀ ਪੇਸ਼ ਕਰਕੇ ਦਿੱਲੀ ਪੁਲਸ ਵੱਲੋਂ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ ਹੈ। ਟਵਿੱਟਰ ਉੱਤੇਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਵਿਰੁੱਧ ਕੀਤੇ ਟਵੀਟ ਦੇ ਸਬੰਧ ਵਿੱਚ ਦਰਜ ਕੀਤੀ ਸ਼ਿਕਾਇਤਬਾਰੇਤਜਿੰਦਰਪਾਲ ਸਿੰਘ ਬੱਗਾ ਨੂੰ 6 ਮਈ ਨੂੰ ਪੰਜਾਬ ਦੀ ਪੁਲਿਸ ਨੇ ਉਨ੍ਹਾਂ ਦੀ ਜਨਕਪੁਰੀ ਵਾਲੇ ਘਰ ਤੋਂ ਗ੍ਰਿਫਤਾਰ ਕੀਤਾ ਅਤੇ ਜਦੋਂ ਪੰਜਾਬ ਲੈ ਕੇ ਜਾ ਰਹੀ ਸੀ ਤਾਂ ਉਸ ਟੀਮ ਨੂੰ ਹਰਿਆਣਾ ਪੁਲਸ ਨੇ ਰੋਕ ਲਿਆ ਤੇ ਉਥੇ ਪੁੱਜੀਦਿੱਲੀ ਪੁਲਸ ਤਜਿੰਦਰਪਾਲ ਸਿੰਘ ਬੱਗਾ ਨੂੰ ਹਰਿਆਣਾ ਤੋਂ ਦਿੱਲੀਲੈ ਗਈ ਸੀ।ਦਿੱਲੀ ਪੁਲੀਸ ਨੇ ਦੋਸ਼ ਲਾਇਆ ਸੀ ਕਿ ਬੱਗਾ ਨੂੰ ਪੰਜਾਬ ਪੁਲੀਸ ਨੇ ਲੋਕਲ ਪੁਲੀਸ ਨੂੰ ਦੱਸੇ ਬਿਨਾਂ ਗ੍ਰਿਫ਼ਤਾਰ ਕੀਤਾ ਸੀ।ਦਿੱਲੀ ਪੁਲੀਸ ਨੇ ਇਸ ਬਾਰੇ 6 ਮਈ ਨੂੰ ਪੰਜਾਬ ਪੁਲੀਸ ਦੀ ਟੀਮਉੱਤੇ ਅਗਵਾ ਦਾ ਕੇਸ ਦਰਜ ਕੀਤਾ ਸੀ।

ਇਸ ਤੋਂ ਬਾਅਦ ਇਸ ਮੁੱਦੇ ਉੱਤੇ ਸਿਆ-ਸਤ ਸ਼ੁਰੂ ਹੋ ਗਈ ਸੀ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਬਾਲਿਆਨ ਨੇ ਟਵੀਟ ਕੀਤਾ ਸੀ ਕਿ ਭਾਜਪਾ ਨੇਤਾ ਤਜਿੰਦਰ ਪਾਲ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।ਉਸ ਨੇ ਕਿਹਾ ਸੀ ਕਿ ਬੱਗਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 'ਜਿਊਣ ਨਹੀਂ ਦਿਆਂਗੇ' ਦੀ ਧਮਕੀ ਦਿੱਤੀ ਸੀ।















# ਬਲਬੀਰ ਸਿੰਘ ਦਾ ਚਿੱਤਰ ਅਜੇ ਅਜਾਇਬ ਘਰ ’ਚ ਨਹੀਂ ਲੱਗਾ

## 25 ਮਈ ਨੂੰ ਦੂਜੀ ਬਰਸੀ ’ਤੇ

-ਪ੍ਰਿੰ. ਸਰਵਣ ਸਿੰਘ-

ਆਇਕੌਨਿਕ ਓਲੰਪੀਅਨਬਲਬੀਰ ਸਿੰਘ ਦੇ ਅਕਾਲ ਚਲਾਣੇ ’ਤੇ ਸ਼੍ਰੋਮਣੀ ਕਮੇਟੀ ਨੇ ਮਤਾ ਕੀਤਾ ਕਿ ਵਿਸ਼ਵ ਦੇ ਸਰਬੋਤਮ ਹਾਕੀ ਖਿਡਾਰੀ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਸ਼ੋਭਤ ਕੀਤਾ ਜਾਵੇਗਾ ਜਿਸ ਤੋਂ ਬੱਚੇ ਤੇ ਨੌਜੁਆਨ ਪ੍ਰੇਰਨਾ ਲੈਣਗੇ।ਅਖ਼ਬਾਰਾਂ ਵਿਚ ਇਸ ਦਾ ਐਲਾਨ ਵੀ ਹੋ ਗਿਆ ਸੀ। ਪਰ ਪੂਰਨ ਗੁਰਸਿੱਖ ਖਿਡਾਰੀ ਦਾ ਚਿੱਤਰਅਜੇ ਤਕ ਨਹੀਂ ਲੱਗਾ। ਉਹਦੀ ਤਸਵੀਰ ਕੈਨੇਡਾ ਦੇ ਸਭ ਤੋਂ ਵੱਡੇ ਡਿਕਸੀ ਗੁਰੂ ਘਰ ਵਿਚ ਜ਼ਰੂਰ ਲੱਗੀ ਹੋਈ ਹੈ। ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ ’ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ ‘ਗੋਲਡਨ ਹੈਟ ਟ੍ਰਿਕ’ ਵਾਲਾ ਬਲਬੀਰ ਕਿਹਾ ਜਾਂਦਾ ਸੀ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ ’ਚ ਭਾਰਤੀ ਟੀਮ ਦੇ 9 ਗੋਲਾਂ ’ਚੋਂ 8 ਗੋਲ ਉਹਦੀ ਸਟਿੱਕ ਨਾਲ ਹੋਏ ਸਨ। ਉਥੇ ਨੀਦਰਲੈਂਡ ਵਿਰੁੱਧ ਫਾਈਨਲ ਮੈਚ ਵਿਚ ਉਸ ਨੇ 5 ਗੋਲ ਕੀਤੇ ਸਨ ਜੋ ਓਲੰਪਿਕ ਖੇਡਾਂ ਦਾ ਸੱਤਰ ਸਾਲ ਪੁਰਾਣਾ ਰਿਕਾਰਡ ਹੈ। ਓਲੰਪਿਕ ਖੇਡਾਂ ਦੇ ਗੋਲਡਨ ਹੈਟ ਟ੍ਰਿਕ ਤੋਂ ਬਿਨਾਂ ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਵਿਸ਼ਵ ਹਾਕੀ ਕੱਪ ਜਿਤਾਇਆ, ਜੋ ਹੁਣ ਤੱਕ ਭਾਰਤ ਇਕੋ ਵਾਰ ਜਿੱਤਿਆ ਅਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਹਾਕੀ ਦੀ ਕੋਚਿੰਗ ਬਾਰੇ ‘ਦੀ ਗੋਲਡਨ ਯਾਰਡ ਸਟਿੱਕ’ ਪੁਸਤਕ ਲਿਖੀ। 1962 ਵਿਚ ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਰਿਲੀਫ਼ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਸਪੁਰਦ ਕਰ ਦਿੱਤੀਆਂ ਜੋ ਸਾਈ ਨੇ ਪਤਾ ਨਹੀਂ ਕਿਥੇ 'ਗੁਆ' ਛੱਡੀਆਂ।

1957 ਵਿਚ ਭਾਰਤੀ ਖਿਡਾਰੀਆਂ ਵਿਚੋਂ ਸਭ ਤੋਂ ਪਹਿਲਾਂ ਬਲਬੀਰ ਸਿੰਘ ਨੂੰ ਪਦਮ ਸ਼੍ਰੀ ਦੀ ਉਪਾਧੀ ਦਿੱਤੀ ਗਈ ਸੀ। ਕੈਸੀ ਵਿਡੰਬਣਾ ਹੈ ਕਿ ਉਹਤੋਂ ਮਗਰੋਂ ਜੰਮੇ ਤੇ ਉਸ ਤੋਂ ਘੱਟ ਖੇਡ ਪ੍ਰਾਪਤੀਆਂ ਕਰਨ ਵਾਲੇ ਕੁਝ ਖਿਡਾਰੀਆਂ ਨੂੰ ਤਾਂ ਪਦਮ ਭੂਸ਼ਨ ਤੇ ਭਾਰਤ ਰਤਨ ਤਕ ਦੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਪਰ ਬਲਬੀਰ ਸਿੰਘ ਨੂੰ ਪਦਮ ਸ਼੍ਰੀ ਤਕ ਹੀ ਸੀਮਤ ਰੱਖਿਆ ਗਿਆ। ਲੰਡਨ ਓਲੰਪਿਕ-2012 ਮੌਕੇ ਓਲੰਪਿਕ ਖੇਡਾਂ ਦੇ ਸਫ਼ਰ ’ਚੋਂ ਜਿਹੜੇ 16 ‘ਆਇਕੌਨਿਕ ਓਲੰਪੀਅਨ’ ਚੁਣੇ ਗਏ ਬਲਬੀਰ ਸਿੰਘ ਉਨ੍ਹਾਂ ਵਿਚੋਂ ਇਕ ਸੀ। ਭਾਰਤ ਦਾ ਤੇ ਹਾਕੀ ਜਗਤ ਦਾ ਸਿਰਫ਼ ਉਹੀ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਬਲਬੀਰ ਸਿੰਘ ਦਾ ਜਨਮ ਉਸ ਦੇ ਨਾਨਕੇ ਪਿੰਡ ਹਰੀਪੁਰ ਖਾਲਸਾ ਵਿਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਹੈ।



ਦੋਵੇਂ ਪਿੰਡ ਤਹਿਸੀਲ ਫਿਲੌਰ ਵਿਚ ਹਨ। ਉਸ ਦੇ ਤਿੰਨੇ ਪੁੱਤਰ ਹੁਣ ਕੈਨੇਡੀਅਨ ਬਣ ਚੁੱਕੇ ਹਨ। ਉਹਦੇ ਜੁਆਈ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਦੀ 2012 ਮ੍ਰਿਤੂ ਹੋ ਗਈ ਸੀ। ਧੀ ਸੁਸ਼ਬੀਰ ਕੌਰ ਤੇ ਦੋਹਤਾ ਕਬੀਰ ਸਿੰਘ ਭੋਮੀਆ ਚੰਡੀਗੜ੍ਹ ਰਹਿੰਦੇ ਹਨ। ਜੀਵਨ ਦੇ ਆਖ਼ਰੀ ਪਲ ਤਕ ਬਲਬੀਰ ਸਿੰਘ ਕਿਹਾ ਕਰਦਾ ਸੀ, “ਹਾਕੀ ਮੇਰਾ ਇਸ਼ਕ ਹੈ। ਮੇਰੇ ’ਤੇ ਵਾਹਿਗੁਰੂ ਦੀ ਕਿਰਪਾ ਹੈ ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇਜ਼ਤ ਕਰਨੀ ਸਿਖਾਈ। ਮੈਨੂੰ ਅਨੁਸਾਸ਼ਨ ਸਿਖਾਇਆ, ਹਾਰ ਸਹਿਣੀ ਤੇ ਜਿੱਤ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨ, ਟੀਮ ਸਾਥੀਆਂ, ਦੋਸਤਾਂ ਮਿੱਤਰਾਂ ਤੇ ਪਰਿਵਾਰ ਦੇ ਸਹਿਯੋਗ ਸਦਕਾ ਹਾਂ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹਨ। ਮੈਂ ਅਕਸਰ ਆਖਦਾਂ ਮੇਰੀ ਇਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ। ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।”

ਬਲਬੀਰ ਸਿੰਘ ਨੇ ਪਹਿਲਾ ਸਾਹ 31 ਦਸੰਬਰ 1923 ਨੂੰ ਹਰੀਪੁਰ ਖ਼ਾਲਸਾ ਦੀ ਹਵਾ ਵਿਚ ਲਿਆ ਸੀ ਤੇ ਆਖ਼ਰੀ ਸਾਹ 25 ਮਈ 2020 ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। 25 ਮਈ ਦੀ ਸ਼ਾਮ ਨੂੰ ਉਹਦੀ ਦੇਹ ਦਾ ਰਾਜਕੀ ਸਨਮਾਨ ਸਹਿਤ ਚੰਡੀਗੜ੍ਹ ਵਿਚ ਸਸਕਾਰ ਕਰ ਦਿੱਤਾ ਗਿਆ ਸੀ। ਉਹਦੀ ਇੱਛਾ ਅਨੁਸਾਰ ਉਹਦੇ ਅੰਗ ਸੰਗ ਰਹਿੰਦੀ ਉਹਦੀ ਹਾਕੀ ਵੀ ਚਿਤਾ ਵਿਚ ਸਸਕਾਰੀ ਗਈ ਸੀ। ਉਸ ਮੌਕੇ ਪੰਜਾਬ ਦੇ ਖੇਡ ਮੰਤਰੀ ਨੇ, ਮੁੱਖ ਮੰਤਰੀ, ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਸੀ ਕਿ ਮੁਹਾਲੀ ਦੇ ਹਾਕੀ ਸਟੇਡੀਅਮ ਦਾ ਨਾਂ ਬਲਬੀਰ ਸਿੰਘ ਹਾਕੀ ਸਟੇਡੀਅਮ ਰੱਖਿਆ ਜਾਵੇਗਾ। ਇਹ ਵੀ ਕਿਹਾ ਸੀ, ਪੰਜਾਬ ਸਰਕਾਰ ਭਾਰਤ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰੇਗੀ ਕਿ ਵਿਸ਼ਵ ਦੇ ਸਿਰਮੌਰ ਹਾਕੀ ਖਿਡਾਰੀ ਆਇਕੌਨਿਕ ਓਲੰਪੀਅਨ ਬਲਬੀਰ ਸਿੰਘ ਨੂੰ ਭਾਰਤ ਰਤਨ ਪੁਰਸਕਾਰ ਨਾਲ ਨਿਵਾਜੇ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਸ਼ੋਭਿਤ ਕੀਤਾ ਜਾਵੇਗਾ। ਤਸੱਲੀ ਦੀ ਗੱਲ ਹੈ ਕਿ ਬਲਬੀਰ ਸਿੰਘ ਦੀ ਪਹਿਲੀ ਬਰਸੀ ’ਤੇ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਦਾ ਉਦਘਾਟਨ ਕਰ ਦਿੱਤਾ ਗਿਆ। ਪਰ ਗੁਰਸਿੱਖ ਖਿਡਾਰੀ ਦਾ ਚਿੱਤਰ ਅਜੇ ਅਜਾਇਬ ਘਰ ਵਿਚ ਸਸ਼ੋਭਿਤ ਨਹੀਂ ਹੋਇਆ ਤੇ ਨਾ ਹੀ ਭਾਰਤ ਰਤਨ ਦੀ ਗੱਲ ਅੱਗੇ ਤੁਰੀ ਹੈ।

'ਗੋਲਡਨ ਹੈਟ ਟ੍ਰਿਕ' ਐਜ਼ ਟੋਲਡ ਟੂ ਸੈਮੂਅਲ ਬੈਨਰਜੀ, ਬਲਬੀਰ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਆਟੋਗਰਾਫੀ ਹੈ ਜੋ 1977 ਵਿਚ ਛਪੀ ਸੀ। 'ਗੋਲਡਨ ਗੋਲ' ਮੇਰੇ ਵੱਲੋਂ ਪੰਜਾਬੀ ਵਿਚ ਲਿਖੀ ਉਹਦੀ ਜੀਵਨੀ ਹੈ ਜੋ 2015 ਵਿਚ ਪ੍ਰਕਾਸ਼ਿਤ ਹੋਈ। ਉਹ ਜੀਵਨੀ ਮੈਂ ਬਲਬੀਰ ਸਿੰਘ ਦੇ ਇਸ ਕਥਨ ਨਾਲ ਸਮਾਪਤ ਕੀਤੀ ਸੀ, "ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਰਾ ਟਾਈਮ ਵਿਚ ਵੀ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ 'ਗੋਲਡਨ ਗੋਲ' ਹੋ ਗਿਆ ਤਾਂ ਖੇਡ ਖ਼ਤਮ ਹੋ ਜਾਵੇਗੀ।"

ਪੁਸਤਕ ਦੀਆਂ ਅੰਤਲੀਆਂ ਸਤਰਾਂ ਸਨ: ਕੀ ਸਰਕਾਰਾਂ ਬਲਬੀਰ ਸਿੰਘ ਦੇ ‘ਗੋਲਡਨ ਗੋਲ’ ਦੀ ਉਡੀਕ ਵਿਚ ਹਨ? ਭਾਰਤੀ ਖਿਡਾਰੀਆਂ ’ਚੋਂ ਸਚਿਨ ਤੇਂਦੁਲਕਰ ਨੂੰ ਜੀਂਦੇ ਜੀਅ ਭਾਰਤ ਰਤਨ ਦੇ ਦਿੱਤਾ ਗਿਆ। ਵੇਖਦੇ ਹਾਂ ਬਲਬੀਰ ਸਿੰਘ ਨੂੰ ਭਾਰਤ ਰਤਨ ਜਿਊਂਦੇ ਜੀਅ ਮਿਲਦਾ ਹੈ ਜਾਂ ਜੀਵਨ ਉਪਰੰਤ?

principalsarwansingh@gmail.com

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਇੱਕ ਕੰਜੂਸ ਦਾ ਐਕਸੀਡੈਂਟ ਹੋ ਗਿਆ...
ਡਾਕਟਰ, “ਤੁਹਾਡੇ ਪੈਰ ਖਰਾਬ ਹੋ ਗਏ, ਇਨ੍ਹਾਂ ਨੂੰ ਕੱਟਣਾ ਪਵੇਗਾ।”
ਕੰਜੂਸ, “ਓ ਨਹੀਂ! ਮੈਂ ਕੀ ਕਰਾਂਗਾ?”
ਡਾਕਟਰ, “ਹੌਸਲਾ ਰੱਖੋ, ਰੱਬ ਸਭ ਠੀਕ ਕਰੇਗਾ।”
ਕੰਜੂਸ, “ਓ ਨਹੀਂ ਜੀ, ਮੈਨੂੰ ਇਸ ਦੀ ਟੈਨਸ਼ਨ ਨਹੀਂ, ਦਰਅਸਲ, ਮੈਂ ਕੱਲ੍ਹ ਹੀ ਨਵੀਆਂ ਜੁੱਤੀਆਂ ਖਰੀਦੀਆਂ ਹਨ ਤੇ ਉਸ ਦੁਕਾਨ ਵਿੱਚ ਲਿਖਿਆ ਸੀ: ਵਿਕਿਆ ਹੋਇਆ ਮਾਲ ਵਾਪਸ ਨਹੀਂ ਹੋਵੇਗਾ।”

*******

ਮਾਸਟਰ ਜੀ, “ਦੱਸੋ, ‘ਸੰਸਕ੍ਰਿਤ’ ਭਾਸ਼ਾ ਵਿੱਚ ਪਤਨੀ ਨੂੰ ਕੀ ਕਹਿੰਦੇ ਹਨ?”
ਪੱਪੂ, “ਮਾਸਟਰ ਜੀ, ‘ਸੰਸਕ੍ਰਿਤ’ ਛੱਡੋ, ਕਿਸੇ ਵੀ ਭਾਸ਼ਾ ਵਿੱਚ ਪਤਨੀ ਨੂੰ ਕੁਝ ਨਹੀਂ ਕਹਿ ਸਕਦੇ।”

*******

ਪਤਨੀ, “ਜੀ, ਸੁਣਦੇ ਹੋ, ਮੇਰੀ ਉਮਰ 48 ਸਾਲ ਹੁੰਦੇ ਹੋਏ ਵੀ ਤੁਹਾਡਾ ਇੱਕ ਦੋਸਤ ਮੇਰੇ ਹੁਸਨ ਦੀ ਤਾਰੀਫ ਕਰਦਾ ਹੈ।”
ਪਤੀ, “ਉਸਮਾਨ ਭਾਈ ਹੋਵੇਗਾ।”
ਪਤਨੀ, “ਵਾਹ! ਤੁਸੀਂ ਕਿਵੇਂ ਪਛਾਣਿਆ?”
ਪਤੀ, “ਕਿਉਂਕਿ ਉਹ ਕਬਾੜ ਦਾ ਵਪਾਰੀ ਹੈ।”

# ਕੀ ਲਾਭਦਾਇਕ ਸਿੱਧ ਹੋਵੇਗਾ ਪੰਜਾਬ ਦਾ ਦਿੱਲੀ ਨਾਲ ਗਿਆਨ ਵਟਾਂਦਰਾ ?



-ਡਾ. ਅਮਨਪ੍ਰੀਤ ਸਿੰਘ ਬਰਾੜ-

ਸਿਆਣੇ ਕਹਿੰਦੇ ਹਨ ਕਿ ਗਿਆਨ ਜਿਥੋਂ ਤੇ ਜਦੋਂ ਮਿਲੇ ਲੈ ਲੈਣਾ ਚਾਹੀਦਾ ਹੈ। ਇਸ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਗਿਆਨ ਵੰਡਣ ਨਾਲ ਵੱਧਦਾ ਹੈ। ਇਸ ਗਿਆਨ ਦੇ ਵਾਧੇ ਨੂੰ ਲੈ ਕਿ ਪਿਛਲੇ ਕੁੱਝ ਦਿਨਾਂ ਤੋਂ ਪੰਜਾਬ ਵਿੱਚ ਸਿਆਸੀ ਭੁਚਾਲ ਆਇਆ ਹੋਇਆ ਹੈ। ਵਿਰੋਧੀ ਪਾਰਟੀਆਂ ਵਾਲੇ ਸੂਬਾ ਸਰਕਾਰ ਤੇ ਕਈ ਤਰ੍ਹਾਂ ਦੀਆਂ ਟਿੱਪਣੀਆਂ ਕਰ ਰਹੇ ਹਨ ਜਿਨ੍ਹਾਂ ਨੂੰ ਸਰਕਾਰੀ ਤੰਤਰ ਤਨਜ਼ ਦੇ ਰੂਪ ਵਿੱਚ ਵੇਖਦਾ ਹੈ। ਦਰਅਸਲ ਕੁੱਝ ਦਿਨ ਪਹਿਲਾਂ ਇੱਕ 8 ਸਫਿਆਂ ਦਾ ਸਮਝੋਤਾ ਜੋ ਪੰਜਾਬ ਤੇ ਦਿੱਲੀ ਸਰਕਾਰ ਵਿੱਚ ਹੋਣ ਜਾ ਰਿਹਾ ਸੀ। ਉਹ ਮੀਡੀਆਂ ਵਿੱਚ ਆਇਆ ਜਿਸ ਤਹਿਤ ਸਿੱਖਿਆ, ਸਿਹਤ ਦੇ ਨਾਲ 16 ਹੋਰ ਮਹਿਕਮਿਆਂ ਦੇ ਅਧਿਕਾਰੀ ਆਪਸ ਵਿੱਚ ਸਲਾਹ ਮਸ਼ਵਰਾ ਕਰਕੇ ਫੈਸਲਾ ਲਿਆ ਕਰਨਗੇ। ਇਸ ਸਮਝੋਤੇ ਤਹਿਤ ਪੰਜਾਬ ਦੇ ਅਫਸਰ ਦਿੱਲੀ ਅਤੇ ਦਿੱਲੀ ਦੇ ਪੰਜਾਬ ਆਇਆ ਕਰਨਗੇ। ਇਸ ਵਿਸ਼ੇ ਤੇ ਕਾਫੀ ਚਰਚਾ ਛਿੜੀ ਅਤੇ ਕਈ ਤਰ੍ਹਾਂ ਦੇ ਪ੍ਰਤੀਕਰਮ ਵੀ ਸਾਹਮਣੇ ਆਏ ਹਨ। ਪਰ ਜਦੋਂ ਅਸਲ ਸਮਝੋਤਾ ਹੋਇਆ ਤਾਂ ਉਹ ਸਿਰਫ ਇਕ ਸਫੇ ਦਾ ਸੀ ਜਿਸ ਵਿੱਚ ਕਿਸੇ ਅਦਾਰੇ ਦਾ ਕੋਈ ਜ਼ਿਕਰ ਨਹੀਂ ਸਿਰਫ ਗਿਆਨ ਦਾ ਆਦਾਨ ਪ੍ਰਦਾਨ ਕਰਨ ਦਾ ਹੀ ਜ਼ਿਕਰ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਪਹਿਲਾਂ ਵਾਲਾ ਡਰਾਫਟ ਅਲੋਚਨਾ ਕਰਕੇ ਰੱਦ ਹੋਇਆ ਹੈ ਜਾਂ ਅਸਲ ਵਿੱਚ ਇਹ ਹੀ ਆਉਣਾ ਸੀ। ਪਰ ਗਿਆਨ ਦੇ ਆਦਾਨ ਪ੍ਰਦਾਨ ਕਰਨ ਲਈ ਵੀ ਦੋਨੋਂ ਸੂਬਿਆਂ ਦੇ ਅਧਿਕਾਰੀਆਂ ਨੂੰ ਇਕ ਦੂਜੇ ਦੇ ਸੂਬੇ ਵਿੱਚ ਤਾਂ ਜਾਣਾ ਹੀ ਪਵੇਗਾ।

ਇਹ ਸਭ ਕੁਝ ਤਾਂ ਠੀਕ ਲਗਦਾ ਜੇ ਪੰਜਾਬ ਸਰਕਾਰ ਪਹਿਲਾਂ ਆਪਣੇ ਘਰ ਤੋਂ ਸ਼ੁਰੂ ਕਰਦੀ ਯਾਨੀ ਕਹਿਣ ਦਾ ਭਾਵ ਹੈ ਕਿ ਬਜ਼ਾਰ ਵਿੱਚ ਉਤਰਨ ਤੋਂ ਪਹਿਲਾਂ ਇਹ ਤਾਂ ਦੇਖ ਲਉ ਕਿ ਸਾਡੇ ਘਰ ਵਿੱਚ ਕੀ ਕੁਝ ਹੈ ਕਿਹੜੀ ਚੀਜ਼ ਸਾਡੇ ਕੋਲ ਹੈ ਨਹੀ ਅਤੇ ਕਿਹੜੀ ਸਾਨੂੰ ਚਾਹੀਦੀ ਹੈ। ਇਸ ਦੀ ਪੜਚੋਲ ਕਰਨੀ ਅਤੀ ਜਰੂਰੀ ਹੁੰਦੀ ਹੈ ਕਿਉਂਕਿ ਕਰਜ਼ੇ ਹੇਠਾਂ ਦੱਬੇ ਸੂਬੇ ਲਈ ਇਹ ਵੀ ਜਰੂਰੀ ਹੈ ਕਿ ਘੱਟ ਤੋਂ ਘੱਟ ਵਿੱਤੀ ਬੋਝ ਹੋਰ ਸਹੇੜਿਆ ਜਾਵੇ।ਪੰਜਾਬ ਵਿੱਚ ਟੇਲੇਂਟ ਦੀ ਕਮੀ ਨਹੀਂ ਹਰ ਅਦਾਰੇ ਵਿੱਚ ਕੰਮ ਕਰਨ ਵਾਲੇ ਅਫਸਰ ਅਤੇ ਮੁਲਾਜਮ ਹਨ ਜਿੰਨਾਂ ਨੂੰ ਮੋਟੀਵੇਸ਼ਨ ਦੀ ਲੋੜ ਹੈ ਇਸ ਤੋਂ ਉੱਪਰ ਸਾਡੇ ਕੋਲ ਸਰਕਾਰੀ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚ ਟੇਲੇਂਟ ਭਰਿਆ ਪਿਆ ਹੈ। ਜੇ ਉਸ ਤੋ ਉੱਪਰ ਕੋਈ ਸਲਾਹ ਮਸ਼ਵਰੇ ਦੀ ਲੋੜ ਹੈ ਤਾਂ ਅਖਬਾਰ ਵਿੱਚ ਇਕ ਇਸ਼ਤਿਹਾਰ ਦੇ ਦਿਉ ਜਿਹੜੇ ਵਿਸ਼ਿਆਂ ਤੇ ਸਰਕਾਰ ਨੂੰ ਸਲਾਹ ਮਸ਼ਵਰੇ ਦੀ ਲੋੜ ਹੈ।ਉਹਨਾਂ ਵਿਸ਼ਿਆਂ ਦੇ ਮਾਹਿਰ ਅਤੇ ਬੁੱਧੀਜੀਵੀ ਜਿਹੜੇ ਬਿਨਾਂ ਕਿਸੇ ਭੱਤੇ ਦੇ ਪੰਜਾਬ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਉਣਾ ਚਾਹੁੰਦੇ ਹਨ। ਉਹ ਆਪਣਾ ਦੋ ਸਫਿਆਂ ਦਾ ਬਾਇਓਡੇਟਾ ਸਰਕਾਰ ਨੂੰ ਭੇਜਣ।ਜਿਹੜੇ ਲੋਕ ਪੜ੍ਹਦੇ ਲਿਖਦੇ ਹਨ ਉਹਨਾਂ ਨੂੰ ਸਭ ਚੀਜ਼ਾਂ ਦੀ ਅੰਦਰ ਤੱਕ ਜਾਣਕਾਰੀ ਹੈ ਕਿ ਕਿੱਥੇ ਕੀ ਗਲਤ ਹੋ ਰਿਹਾ ਹੈ ਤੇ ਕਿਵੇਂ ਸੁਧਾਰਿਆ ਜਾ ਸਕਦਾ। ਗੱਲ ਸਿਰਫ਼ ਉਹਨਾਂ ਤੇ ਸਰਕਾਰ ਨੂੰ ਵਿਸ਼ਵਾਸ਼ ਦਿਖਾਉਣ ਦੀ ਹੈ।

ਖੈਰ ਹਰ ਵਿਸ਼ਲੇਸ਼ਣ ਦੀ ਇਕ ਪ੍ਰਕ੍ਰਿਆ ਹੁੰਦੀ ਹੈ ਪਹਿਲਾਂ ਆਵਦੇ ਮਹਿਕਮੇ ਤੋਂ ਇਕ ਸਟੇਟਸ ਪੇਪਰ ਤਿਆਰ ਕਰਵਾਉ ਚਾਹੇ ਉਹ ਵਿੱਦਿਆ ਹੋਵੇ, ਸਿਹਤ ਹੋਵੇ, ਖੇਤੀਬਾੜੀ, ਟਰਾਂਸਪੋਰਟ......, ਜਿੰਨੇ ਭੀ ਮਹਿਕਮੇ ਪੰਜਾਬ ਸਰਕਾਰ ਹੇਠਾਂ ਚਲਦੇ ਹਨ ਜਿਸ ਵਿੱਚ ਮੋਟੇ ਅੱਖਰਾਂ ਵਿੱਚ ਕੱਢ ਕਿ ਲਿਆਦਾਂਜਾਵੇ ਕਿ ਅਸੀਂ ਹੁਣ ਕਿਥੇ ਖੜੇ ਹਾਂ। ਕੀ ਸਾਡੀਆਂ ਜਰੂਰਤਾਂ ਹਨ। ਹੁਣ ਵਾਲੇ ਬਜਟ ਵਿੱਚ ਅਸੀਂ ਕੀ ਸੁਧਾਰ ਕਰ ਸਕਦੇ ਹਾਂ। ਸਾਡਾ ਸਾਲ ਦਰ ਸਾਲ ਪੰਜਾਂ ਸਾਲਾਂ ਦਾ ਕੀ ਟੀਚਾ ਹੈ। ਮਹਿਕਮਾ ਆਪਣੇ ਤੋਰ ਤੇ ਆਪਣੀ ਆਮਦਨ ਵਧਾਉਣ ਲਈ ਕੀ ਯਤਨ ਕਰ ਸਕਦਾ ਹੈ। ਕੀ ਲੋਕਾਂ ਨੂੰ ਬਿਹਤਰ ਸੇਵਾ ਦੇ ਬਦਲੇ ਕੁਝ ਸ਼ੁਲਕ ਲਾਇਆ ਜਾ ਸਕਦਾ ਹੈ। ਇਸ ਸਾਰੀ ਕਵਾਇਦ ਲਈ 15 ਦਿਨ ਤੋਂ ਵਧ ਸਮੇਂ ਦੀ ਲੋੜ ਨਹੀਂ।

ਇਸ ਪੇਪਰ ਨੂੰ ਮੰਤਰੀ ਪੜ੍ਹੇ, ਘੋਖੇ ਅਤੇ ਵਿਚਾਰੇ। ਇਹੋ ਪੇਪਰ ਜੋ ਮੈਂ ਪਹਿਲਾਂ ਬੁੱਧੀਜੀਵੀਆਂ ਨੂੰ ਇਸ਼ਤਿਹਾਰ ਦੇ ਕੇ ਲਿਸਟ ਬਣਾਉਣ ਦੀ ਗੱਲ ਕੀਤੀ ਸੀ ਉਹਨਾਂ ਵਿਚੋਂ ਜੇ ਕੋਈ ਅੱਗੇ ਆਉਂਦੇ ਹਨ ਅਤੇ ਸਟੇਕ ਹੋਲਡਰ ਜਿਹੜੇ ਮਾਪਿਆਂ ਅਤੇ ਅਧਿਆਪਕਾਂ ਅਤੇ ਆਮ ਜੰਤਾਂ ਵਿਚੋ ਲਏ ਜਾ ਸਕਦੇ ਹਨ। ਉਹਨਾਂ ਨਾਲ ਵੀ ਵਿਚਾਰਿਆ ਜਾ ਸਕਦਾ ਹੈ। ਮੇਰਾ ਭਾਵ ਇਹ ਹੈ ਕਿ ਜੋ ਸਕੀਮ ਫਾਈਨਲ ਬਣਨੀ ਹੈ ਉਸ ਵਿੱਚ ਮਹਿਕਮੇ ਦੇ ਕਰਮਚਾਰੀ, ਬੁੱਧੀਜੀਵੀ, ਲੋਕ, ਜਿੰਨਾਂ ਲਈ ਲਾਗੂ ਕਰਨੀ ਹੈ ਅਤੇ ਸਰਕਾਰ ਸਾਰਿਆਂ ਦੀ ਸਹਿਮਤੀ ਨਾਲ ਬਣੇ ਤਾਂ ਕਿ ਲਾਗੂ ਕਰਨ ਵੇਲੇ ਕੋਈ ਅੜਿੱਕਾ ਨਾ ਪਵੇ ਅਤੇ ਸਕੀਮ ਕਾਗਜਾਂ ਵਿੱਚ ਹੀ ਨਾ ਰਹਿ ਜਾਵੇ।

ਘਰ ਦਾ ਜੋਗੀ ਜੋਗੜਾ- ਪਤਾ ਨਹੀ ਇਹ ਧਾਰਨਾ ਸਾਡੀਆਂ ਸਰਕਾਰਾਂ ਵਿਚ ਕਦੋਂ ਅਤੇ ਕਿਵੇਂ ਬਣੀ ਅਸੀ ਕੋਈ ਵੀ ਕੰਮ ਕਰਵਾਉਣਾ ਹੋਵੇ ਬਾਹਰ ਨੂੰ ਭੱਜਦੇ ਹਾਂ ਆਮ ਧਾਰਨਾ ਇਹ ਹੈ ਕਿ ਇਹਨਾਂ ਨੇ (ਆਪਣੇ ਕਰਮਚਾਰੀਆਂ ਨੇ) ਕੀ ਕਰਨਾ ਖਾਸ ਕਰਕੇ ਜਦੋ ਕੋਈ ਸਲਾਹ ਲੈਣੀ ਜਾਂ ਪ੍ਰੋਜੈਕਟ ਬਣਵਾਉਣਾ ਹੋਵੇ। ਉਦੋਂ ਸਰਕਾਰਾਂ ਨੇ ਠੇਕਾ ਬਾਹਰ ਹੀ ਦੇਣਾ ਹੈ। ਠੇਕਾ ਲੈਣ ਵਾਲੇ ਫਿਰ ਮਹਿਕਮੇ ਕੋਲ ਆਉਣਗੇ ਅਤੇ ਤੁਹਾਨੂੰ ਪੁੱਛਣਗੇ ਕਿ ਤੁਹਾਡੇ ਕੋਲ ਕੀ ਹੈ ਅਤੇ ਕੀ ਹੋਰ ਚਾਹੀਦਾ ਹੈ ਉਹੋਂ ਹੀ ਦੋ ਚੀਜ਼ਾਂ ਉਹ ਸਰਕਾਰ ਨੂੰ ਲਿਖ ਕੇ ਦੇਣਗੇ। ਕਰਨਾ ਦਿੱਲੀ ਵਾਲਿਆਂ ਨੇ ਵੀ ਇਹੋ ਹੀ। ਕਿਉਂਕਿ ਉਪਰੋਕਤ ਦਾ ਅਸਲੀ ਪਤਾ ਤਾਂ ਤੁਹਾਨੂੰ ਹੀ ਹੈ। ਸੋ ਜਿਹੜਾ ਪ੍ਰੋਜੈਕਟ ਜਾ ਪਲੈਨ ਤੁਹਾਡੇ ਏਥੇ ਅਧਿਕਾਰੀਆਂ ਨੇ ਸਿਰਫ਼ ਨਾ ਮਾਤਰ ਖਰਚੇ ਵਿੱਚ ਬਣਾ ਦੇਣਾ ਹੈ ਉਸ ਦੇ ਲੱਖਾਂ ਕਰੋੜਾਂ ਦੇ ਕਿ ਸਰਕਾਰ ਦੀ ਤੱਸਲੀ ਹੋ ਜਾਂਦੀ ਹੈ ਅਤੇ ਉਸ ਉੱਪਰੋ ਐਕਸ਼ਨ ਲੈਣਾ ਭਾਵੇ ਨਹੀਂ ਜਾਂ ਸਿੱਧੀ ਰੱਦੀ ਦੀ ਟੋਕਰੀ ਵਿੱਚ ਹੀ ਸਿੱਟ ਦੇਣੀ ਹੈ। ਇਹ ਮੁੱਖ ਮੰਤਰੀ ਦੀ ਮਰਜ਼ੀ ਹੈ ਪਿਛਲੀ ਸਰਕਾਰ ਵੇਲੇ ਤਿੰਨ ਰਿਪੋਰਟਾਂ/ਪਲੈਨਾਂ ਚਰਚਾ ਵਿੱਚ ਰਹੀਆਂ ਜੋ ਦੋ ਰੇਤ ਮਾਫੀਆ ਅਤੇ ਆਬਕਾਰੀ ਨੀਤੀ ਨਾਲ ਸਬੰਧਤ ਸਨ ਉਹ ਰਿਪੋਰਟਾਂ ਕੈਬਨਿਟ ਵਿੱਚ ਤਾਂ ਕੀ ਰੱਖੀਆਂ ਜਾਣੀਆਂ ਸਨ ਜਾਂ ਉਹਨਾਂ ਤੇ ਵਿਚਾਰ ਤਾਂ ਕੀ ਹੋਣਾ ਸੀ ਉਹ ਦੂਰੋ ਹੀ ਨਕਾਰ ਦਿਤੀਆਂ ਗਈਆ ਕਿਉਂਕਿ ਵੇਲੇ ਦੇ ਮੁੱਖ ਮੰਤਰੀ ਨੂੰ ਉਹ ਬੰਦਾ ਹੀ ਪੰਸਦ ਨਹੀ ਸੀ ਜਿਸ ਨੇ ਤਿਆਰ ਕਰਵਾਈਆ ਸਨ। ਤੀਜੀ ਰਿਪੋਰਟ ਮੁੱਖ ਮੰਤਰੀ ਨੇ ਆਹਲੂਵਾਲੀਆ ਕਮੇਟੀ ਤੋਂ ਤਿਆਰ ਕਰਵਾਈ,“ਕੋਵਿਡ-19 ਤੋ ਬਾਅਦ ਪੰਜਾਬ ਦੀ ਆਰਥਿਕਤਾ ਲੀਹ ਤੇ ਲਿਆਉਣ ਲਈ ਕੀ ਕੀਤਾ ਜਾਵੇ”। ਉਸ ਵਿੱਚ ਜੋ ਮਾਹਿਰ ਚੁਣੇ ਗਏ ਸਨ ਉਹ ਆਪਣੇ ਵਿਸ਼ੇ ਵਿੱਚ ਤਾ ਬਹੁਤ ਉੱਚ ਯੋਗਤਾ ਹਾਸਿਲ ਸਨ ਪਰ ਪੰਜਾਬ ਦੀ ਜ਼ਮੀਨੀ ਹਕੀਕਤਤੋਂ ਵਾਕਿਫ ਨਹੀ ਸਨ। ਇਸ ਰਿਪੋਰਟ ਤੇ ਸਰਕਾਰ ਨੇ ਕਿੰਨਾ ਪੈਸਾ ਖਰਚਿਆ ਇਹ ਤਾਂ ਪਤਾ ਨਹੀ ਪਰ ਉਸ ਕਮੇਟੀ ਦੀ ਰਿਪੋਰਟ ਦੀਆਂ ਸ਼ਿਫ਼ਾਰਸ਼ਾਂ ਜਦੋਂ ਮੀਡੀਆ ਵਿੱਚ ਛੱਪੀਆਂ ਤਾਂ ਲੋਕ ਵਿਰੋਧ ਵਿੱਚ ਖੁੰਬਾਂ ਵਾਗੂ ਉੱਠ ਖੜ੍ਹੇ ਹੋਏ ਅਤੇ ਸਰਕਾਰ ਨੇ ਮੁੜ ਕਿ ਉਸ ਰਿਪੋਰਟ ਦਾ ਕਦੇ ਜ਼ਿਕਰ ਨਹੀ ਕੀਤਾ।

ਖੈਰ ਇਹ ਤਾਂ ਤਿੰਨ ਰਿਪੋਰਟਾਂ ਤਾਜ਼ੀਆਂ ਦਾ ਜ਼ਿਕਰ ਹੈ ਜਿਨ੍ਹਾਂ ਦੀ ਕਹਿ ਲਉ ਭਰੂਣ ਹੱਤਿਆਂ ਹੀ ਹੋ ਗਈ। ਮੈਂ ਇੱਕ ਪੁਰਾਣੇ ਸਮਝੋਤੇ ਦਾ ਜ਼ਿਕਰ ਕਰਾਗਾਂ ਜੋ 1996-97 ਵਿੱਚ ਪੰਜਾਬ ਦੇ ਖੇਤੀਬਾੜੀ ਮਹਿਕਮੇ ਦਾ ਇਜ਼ਰਾਈਲ ਨਾਲ ਹੋਇਆ ਸੀ।ਇਜਰਾਇਲ ਨੇ ਪੰਜਾਬ ਨੂੰ ਨਰਮਾ ਪੈਦਾ ਕਰਨ ਦੀ ਤਕਨੀਕੀ ਜਾਣਕਾਰੀ ਸੇਣੀ ਸੀ। ਜੋ ਉਸ ਵੇਲੇ ਦੇ ਅਧਿਕਾਰੀਆਂ ਤੋਂ ਜਾਣਕਾਰੀ ਮਿੱਲੀ ਹੈ ਕਿ ਪ੍ਰੋਜੈਕਟ ਇਜ਼ਰਾਈਲ ਵਾਲੇ ਅੱਧ ਵਿਚਾਲੇ ਛੱਡ ਕੇ ਭੱਜ ਗਏ। ਪੈਸੇ ਤਾਂ ਪਤਾ ਨਹੀ ਕਿੰਨੇ ਲੈ ਗਏ ਪਰ ਪੰਜਾਬ ਦੇ ਪੱਲੇ ਕੁੱਝ ਨਹੀ ਪਿਆ ਕਿਉਂਕਿ ਜਿਨ੍ਹਾਂ ਨੂੰ ਦੱਸਣ ਆਏ ਸੀ ਉਹ ਅੱਗੋਂ ਕਹਿੰਦੇ ਪੰਜਾਬ ਵਿੱਚ ਨਰਮਾ ਤੁਸੀਂ ਕਿਹੜਾ ਪਹਿਲੀ ਵਾਰ ਬਿਜਵਾਉਣਾ ਹੈ। ਕਾਗਜਾਂ ਵਿੱਚ ਤਾਂ ਪਤਾ ਨਹੀਂ ਕੀ ਕਾਰਨ ਲਿਖੇ ਗਏ ਹਨ ਪਰ ਚਰਚਾ ਇਹੋਂ ਹੀ ਸੀ।

ਦਿੱਲੀ ਦੇ ਸਕੂਲਾਂ ਦਾ ਨਿਰਦੇਸ਼ਿਤ ਦੌਰਾ - ਅੱਜ ਹਰ ਪਾਸੇ ਦਿੱਲੀ ਦੇ ਸਿੱਖਿਆ ਮਾਡਲ ਦੀ ਚਰਚਾ ਹੈ ਹਾਲ ਹੀ ਵਿੱਚ ਸਾਡੇ ਮਾਨਯੋਗ ਮੁੱਖ ਮੰਤਰੀ ਅਤੇ ਉਹਨਾਂ ਨਾਲ ਸਿੱਖਿਆ ਮੰਤਰੀ ਤੇ ਹੋਰ ਅਧਿਕਾਰੀਆਂ ਨੇ ਦਿੱਲੀ ਜਾ ਕਿ ਸਰਕਾਰੀ ਸਕੂਲ ਦੇਖੇ ਕਿ ਕਿਸ ਤਰ੍ਹਾਂ ਦਾ ਸਿਸਟਮ ਹੈ ਕਿਵੇਂ ਪੜ੍ਹਾਈ ਹੋ ਰਹੀ ਹੈ। ਜਦੋਂ ਵੀ ਕੋਈ ਗਾਈਡਡ ਵਿਜਿਟ ਹੁੰਦੀ ਹੈ ਉਹ ਵਧੀਆ ਹੀ ਹੁੰਦੀ ਹੈ ਉਹ ਭਾਵੇਂ ਸਾਡੇ ਮੁੱਖ ਮੰਤਰੀ ਸਾਹਿਬ ਆਪਣੇ ਸੂਬੇ ਵਿੱਚ ਵੀ ਕਰ ਲੈਣ ਅੱਜ ਵੀ ਪੰਜਾਬ ਵਿੱਚ ਸਰਕਾਰੀ ਸਕੂਲ ਹਨ ਜੋ ਪੜ੍ਹਾਈ ਅਤੇ ਬੁਨਿਆਦੀ ਢਾਂਚੇਵਿੱਚ ਕਿਸੇ ਵੀ ਪ੍ਰਾਈਵੇਟ ਸਕੂਲ ਨਾਲੋ ਮਾੜੇ ਨਹੀਂ ਖਾਸ ਕਰਕੇ ਜਿਹੜੇ 886 ਸਕੂਲ ਹਨ। ਲੁਧਿਆਣਾ ਦੇ ਪੀ ਏ ਯੂ ਵਿੱਚ ਸਰਕਾਰੀ ਸਕੂਲ ਜਾ ਕਿ ਦੇਖੋ 2 ਸਿਫਟਾਂ ਵਿੱਚ ਸਕੂਲ ਚਲਦਾ ਫੇਰ ਵੀ ਦਾਖਲੇ ਦੀ ਸਮੱਸਿਆ ਆਉਂਦੀ ਹੈ। ਅਸਲ ਪਰਖ ਤਾਂ ਫਿਰ ਹੁੰਦੀ ਜੇ ਤੁਹਾਨੂੰ ਦਿੱਲੀ ਦੇ ਸਕੂਲਾਂ ਦੀ ਲਿਸਟ ਦਿੱਤੀ ਜਾਂਦੀ ਅਤੇ ਤੁਸੀ ਆਪ ਉਹਨਾਂ ਵਿਚੋ ਪੰਜ ਸਕੂਲ ਚੁਣਦੇ ਅਤੇ ਉੱਥੇ ਜਾ ਕੇ ਦੇਖਦੇ ਨਾਂ ਕਿ 2-4 ਸਕੂਲ ਉਹਨਾਂ ਦੇ ਪਹਿਲਾਂ ਤੋ ਤਹਿ ਕੀਤੇ ਹੋਏ।


ਮੁੱਹਲਾ ਕਲੀਨਿਕ - ਮੁੱਹਲਾ ਕਲੀਨਿਕ ਬਹੁਤ ਚੰਗੀ ਚੀਜ਼ ਹੈ ਅਤੇ ਖੁਲ੍ਹਣੇ ਚਾਹੀਦੇ ਹਨ ਪਰ ਸਰਕਾਰ ਦੇ ਬਜ਼ਟ ਦੇ ਹਿਸਾਬ ਨਾਲ ਸ਼ਾਇਦ ਬਹੁਤ ਸਾਰੇ ਨਾ ਖੁੱਲ ਸਕਣ। ਪਰ ਘੱਟ ਖਰਚੇ ਤੇ ਕਲੀਨਿਕ ਦਾ ਨੰਬਰ ਵਧਾਉਣ ਲਈ ਮੇਰਾ ਇਕ ਸੁਝਾਅ ਹੈ ਉਹ ਸ਼ਾਇਦ ਬਹੁਤੇ ਲੋਕਾਂ ਨੂੰ ਪੰਸਦ ਨਾ ਆਵੇ ਕਿਉਂਕਿ ਲੋਕਾਂ ਨੂੰ ਸਾਰੀ ਦੀ ਸਾਰੀ ਸਹੂਲਤ ਮੁਫ਼ਤ ਚਾਹੀਦੀ ਹੈ। ਡਾਕਟਰ ਹੋਵੇ ਜਿਹੜਾ ਮਰਜ਼ ਦੇ ਹਿਸਾਬ ਨਾਲ ਪਰਿਸਕਰਿਪਸ਼ਨ ਦੇਵੇ ਜੇਨਰਿਕ ਦਵਾਈ ਦੀ ਹਰ ਕਲੀਨਿਕ ਦੇ ਨਾਲ ਹੀ ਪ੍ਰਾਈਵੇਟ ਕੈਮਿਸਟ ਦੀ ਦੁਕਾਨ ਹੋਵੇ ਜਿਥੋਂ ਉਹ ਜੇਨਰਿਕ ਦਵਾਈ ਮਿਲ ਜਾਵੇ ਅੱਜ ਕੱਲ ਸਮੱਸਿਆ ਕੀ ਹੈ ਡਾਕਟਰ ਦੀ ਕੰਸਲਟੇਸ਼ਨ ਫੀਸ ਛੋਟੇ ਸ਼ਹਿਰ ਵਿੱਚ 200 ਤੋਂ 500 ਰੁਪਏ ਅਤੇ ਵੱਡੇ ਸ਼ਹਿਰ ਵਿੱਚ 500 ਤੋਂ 1000 ਰੁਪਏ। ਇਸ ਫੀਸ ਨੂੰ ਛੋਟਾ ਕਰਨ ਲਈ ਡਾਕਟਰ ਮਹਿੰਗੀ ਦਵਾਈ ਜਿਸ ਵਿੱਚ 2-3 ਸਾਲਟ ਇਕੱਠੇ ਮਿਲਾਏ ਹੁੰਦੇ ਹਨ, ਲਿਖਦੇ ਹਨ।ਜੇਨਰਿਕ ਦਵਾਈ ਨਹੀ ਲਿਖਦੇ। ਜਦੋਂ ਦਵਾਈ ਹਜ਼ਾਰ ਰੁਪੈ ਦੀ ਆ ਗਈ ਤੁਹਾਨੂੰ ਡਾਕਟਰ ਦੀ ਫੀਸ ਘੱਟ ਲੱਗਣ ਲੱਗ ਜਾਂਦੀ ਹੈ। ਜੇ ਕਿਸੇ ਡਾਕਟਰ ਨੇ ਜੇਨਰਿਕ ਦਵਾਈ ਲਿੱਖ ਦਿੱਤੀ ਤਾਂ ਉਹ ਕੈਮਿਸਟ ਕਹਿ ਦਿੰਦਾ ਹੈ ਮੇਰੇ ਕੋਲ ਹੈ ਨਹੀ ਉਹ ਇਹ ਸਿੱਧਾ ਹੀ ਕਹਿੰਦਾ ਹੈ ਜਿਥੇ ਮਰਜ਼ੀ ਪਤਾ ਲੈ ਲਉ ਇਹ ਨਹੀ ਮਿਲਣੀ ਸੋ ਜੇ 20 ਜਾਂ 50 ਰੁਪਏ ਦੀ ਪਰਚੀ ਨਾਲ ਡਾਕਟਰ ਦੀ ਸਲਾਹ ਅਤੇ ਜੈਨਰਿਕ ਦਵਾਈ ਮੁੱਲ ਮਿਲ ਜਾਵੇ ਤਾਂ ਇਹਨੀ ਰਿਆਇਤ ਹੀ ਆਮ ਬੰਦੇ ਲਈ ਬਹੁਤ ਜਿਆਦਾ ਹੈ। ਕਿਉਂਕਿ ਅਮਲੀ ਤੌਰ ਤੇ ਆਰ ਐਮ ਪੀ ਕੋਲ ਵੀ 100-200 ਤੋਂ ਘੱਟ ਦਵਾਈ ਨਹੀ ਮਿਲਦੀ।

ਨਿਚੋੜ : ਵਜ਼ੀਰਾਂ ਦੀ ਅਤੇ ਅਧਿਕਾਰੀਆਂ ਦੀ ਟੀਮ ਜੋ ਕੁੱਝ ਦਿੱਲੀ ਵਿੱਚ ਹੋ ਰਿਹਾ ਹੈ ਓਹ ਵੇਖ ਆਈ ਹੈ। ਹੁਣ ਏਥੇ ਪੰਜਾਬ ਦੇ ਹਾਲਾਤ ਮੁਤਾਬਕ, ਪੰਜਾਬ ਦੇ ਅਧਿਕਾਰੀਆਂ , ਬੁੱਧੀਜੀਵੀਆਂ ਅਤੇ ਕਰਮਚਾਰੀਆਂ ਦੀ ਸਲਾਹ ਨਾਲ ਇਕ ਪਲੈਨ ਬਣਾਉ ਜਿਸ ਨੂੰ ਸਿਰੇ ਚੜਾਉਣ ਲਈ ਪੰਜਾਬ ਸਰਕਾਰ ਸਾਰੇ ਸਰੋਤ ਮੁੱਹਈਆ ਕਰਵਾ ਸਕੇ।

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਭਾਰਤ ਅੰਦਰ ਇਸਤਰੀਆਂ ਦੀ ਸੁਰੱਖਿਆ ਦਾ ਸੰਕਟ

ਇਸਤਰੀਆਂ ਉੱਪਰ ਹੋ ਰਹੀ ਹਿੰਸਾਂ ਦੀ ਕੋਈ ਜਾਤ ਨਹੀ ਹੁੰਦੀ ਹੈ ਅਤੇ ਨਾ ਹੀ ਕੋਈ 'ਨਸਲ, ਧਰਮ, ਭਾਸ਼ਾ, ਮਜ਼ਹਬ ਤੇ ਕੋਈ ਖਿੱਤਾ' ਹੁੰਦਾ ਹੈ। ਪਰ ! ਫਿਰ ਵੀ ਇਸਤਰੀਆਂ ਨੂੰ 'ਧਰਮਾਂ, ਨਸਲਾਂ ਅਤੇ ਫਿਰਕਿਆਂ,' 'ਚ ਵੰਡਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਕੋਈ ਨਿਆਂ ਵੀ ਨਹੀਂ ਮਿਲਦਾ ਹੈ। ਸਤਾ ਦੇ ਗਲਿਆਰਿਆਂ ਵਿੱਚ ਬੈਠੀਆਂ ਇਹ ਸਰਕਾਰਾਂ ਵੀ ਇਸਤਰੀਆਂ ਉੱਪਰ ਹੋ ਰਹੀ ਹਿੰਸਾਂ, ਵਧੀਕੀਆਂ, ਲਿੰਗਕ ਵਿਤਕਰੇ ਤੇ ਛੇੜਛਾੜ ਜਿਹੀਆਂ ਵਾਪਰ ਰਹੀਆਂ ਘਟਨਾਵਾਂ ਤੋਂ ਜਾਣ-ਬੁਝ ਅਵੇਸਲੀਆਂ ਬਣ ਜਾਂਦੀਆਂ ਹਨ। ਅੱਜ ! ਵੀ ਦੇਸ਼ ਭਰ ਵਿੱਚ ਦੱਲਿਤ, ਆਦਿਵਾਸੀ ਅਤੇ ਘਰੇਲੂ ਕਾਮ-ਕਾਜੀ ਇਸਤਰੀਆਂ ਤੋਂ ਇਲਾਵਾ ਉੱਚ ਅਹੁਦਿਆਂ ਤੇ ਬੈਠੀਆਂ ਇਸਤਰੀਆਂ ਵੀ ਹਿੰਸਾਂ ਦਾ ਸ਼ਿਕਾਰ ਹੋ ਰਹੀਆਂ ਹਨ।

''ਰਾਸ਼ਟਰੀ ਅਪਰਾਧ ਰੀਕਾਰਡ ਬਿਊਰੋ'' ਅਨੁਸਾਰ ਜਿੱਥੇ ਇਸਤਰੀਆ ਦੇ ਅੱਗੇ ਵੱਧਣ ਦੇ ਦੇਸ਼ ਵਿੱਚ ਅਸਾਰ ਦਿਸ ਰਹੇ ਹਨ, ਉੱਥੇ ਨਾਲ ਦੀ ਨਾਲ ਇਸਤਰੀਆਂ ਉੱਪਰ ਹੋਰ ਅਪਰਾਧਿਕ ਮਾਮਲਿਆਂ ਵਿੱਚ ਵੀ 7-ਫੀ ਸਦ (ਸਤ-ਫੀਸਦ) ਤੋਂ ਵੱਧ-ਵਾਧਾ ਵੀ ਦਰਜ ਕੀਤਾ ਗਿਆ ਹੈ। ਅਪਰਾਧਿਕ ਮਾਮਲਿਆਂ ਦੇ ਵੱਧਣ ਦੇ ਨਾਲ-ਨਾਲ ਉਨ੍ਹਾਂ ਦੋਸ਼ੀ ਮੁਜ਼ਰਿਮਾਂ ਨੂੰ ਸਜ਼ਾ ਦੇਣ ਵਿੱਚ ਵੀ ਪਾੜਾ ਦਿਖਾਈ ਦੇ ਰਿਹਾ ਹੈ। ਮੁਜਰਿਮਾਂ ਵਲੋਂ ਦੱਲਿਤ ਇਸਤਰੀਆਂ ਨਾਲ ਕੀਤੇ ਜਾ ਰਹੇ ਬਲਾਤਕਾਰ ਤੇ ਯੌਨ-ਹਿੰਸਾ ਦੇ ਮਾਮਲਿਆਂ ਵਿੱਚ ਕੇਵਲ ਦੋ-ਫੀ ਸਦ (2%) ਦੋਸ਼ੀਆਂ ਨੂੰ ਹੀ ਸਜ਼ਾ ਮਿਲੀ ਹੈ। ਜਦਕਿ ਬਾਕੀ ਦੇ ਮਾਮਲਿਆਂ ਵਿੱਚ 25-ਫੀ ਸਦ (25%) ਦੋਸ਼ੀਆਂ ਨੂੰ ਸਜ਼ਾ ਮਿਲੀ ਹੈ। ਬਲਾਤਕਾਰ ਦੇ ਨਾਂ ਤੇ ਵੀ ਜਾਤੀਵਾਦ ਭਾਰੂ ਹੈ ? ਮਿਸਾਲ ਸਾਡੇ ਸਾਹਮਣੇ ਹੀ ਹੈ ? ਚਾਹੇ ਉਹ ਮੱਥਰਾ ਕਾਂਡ ਹੋਏ, ਉਨਾਓ ਕਾਂਡ ਜਾਂ ਦਿੱਲੀ ਕਾਂਡ ਹੋਵੇ। ਇਹੋ ਜਿਹੇ ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਰਕਾਰੀ ਤੰਤਰ ਦੀ ਮਿਲੀ ਛੱਤਰ-ਛਾਇਆ ਕਰਕੇ ਉਨ੍ਹਾਂ ਨੂੰ ਕੋਈ ਬਜ਼ਰ ਸਜ਼ਾ ਵੀ ਨਹੀ ਮਿਲਦੀ ਹੈ। ਭਾਵੇਂ ਉਹ ਦੱਲਿਤ ਇਸਤਰੀਆਂ, ਘੱਟ ਗਿਣਤੀ ਭਾਈਚਾਰਾ, ਅਨਪੜ੍ਹ, ਪੜੀਆਂ ਲਿਖੀਆਂ ਇਸਤਰੀਆਂ, ਪਹਿਰਾਵੇ ਤੋਂ ਵਾਲਾਂ ਦੀ ਕਟਿੰਗ ਕਰਵਾਈ ਹੋਵੇ, ਹਮ-ਜਿਨਸੀ ਜਿਹੇ ਸ਼ਬਦਾਂ ਦਾ ਉਪਯੋਗ ਕੀਤਾ ਜਾਦਾ ਹੈ। ਇਹੋ ਜਿਹੇ ਜਾਤੀਵਾਦ ਸ਼ਬਦ, ਗੈਰ ਬਰਾਬਰੀ ਵਾਲੇ ਵਿਸ਼ਲੇਸ਼ਣ, ਸਤਾਂ ਤੇ ਬੈਠੀਆਂ ਸਰਕਾਰਾਂ ਦੇ ਪਾਲੇ ਗਏ ਗੁੰਡਿਆਂ ਵਲੋਂ ਹੀ (ਜਿਨ੍ਹਾਂ ਵਿੱਚ ਸੰਸਦ ਅੰਦਰ, ਧਾਰਮਿਕ ਬਿਰਤੀ ਵਾਲੇ ਅਤੇ ਅਪਰਾਧਿਕ ਮਾਮਲਿਆਂ 'ਚ ਘਿਰੇ ਮੈਂਬਰਾ ਦੀ ਗਿਣਤੀ ਅੱਧਿਆ ਤੋਂ ਵੱਧ ਹੋਵੇ) ਕੀਤੀ ਜਾਂਦੀ ਹੈ। ''ਫਿਰ ਇਸਤਰੀ ਨੂੰ ਇਨਸਾਫ ਕਿਥੋ ਮਿਲੇਗਾ ?'' ਅੱਜ ! ਦੇਸ਼ ਭਰ 'ਚ ਕੇਂਦਰ ਦੀ ਬੀ.ਜੇ.ਪੀ. ਮੋਦੀ ਦੀ ਸਰਕਾਰ ਵਲੋਂ ਇਹ ਢੰਡੋਰਾ ਪਿੱਟਿਆ ਜਾ ਰਿਹਾ ਹੈ, ਅਤੇ ਇਹ ਦੱਸਿਆ ਜਾ ਰਿਹਾ ਹੈ, 'ਕਿ ਦੇਸ਼ ਵਿੱਚ ਇਸਤਰੀਆਂ ਦਾ ਸਸ਼ਕਤੀਕਰਨ ਹੋ ਰਿਹਾ ਹੈ; ਦੀ ਮੁਹਿੰਮ ਚਲਾਈ ਜਾ ਰਹੀ ਹੈ। ਉਹ ਮੁਹਿੰਮ ਇਸਤਰੀਆਂ ਦੇ ਸਸ਼ਕਤੀਕਰਨ ਦੀ ਨਹੀ ਹੈ ? ਸਗੋਂ ਪ੍ਰਚਾਰਿਆ ਇਹ ਜਾ ਰਿਹਾ ਹੈ, ਕਿ ਰਾਸ਼ਟਰ ਤੇ ਸਮਾਜ ਅੱਗੇ ਵੱਧ ਰਿਹਾ ਹੈ ? ਸਗੋਂ ਕੇਂਦਰ ਦੀ ਸਰਕਾਰ ਇਸ ਵਿਸ਼ੇ ਤੇ ਜ਼ਿਆਦਾ ਚਿੰਤਤ ਲੱਗਦੀ ਹੈ !

ਪਿਛਲੇ ਸਾਲ ਰਾਸ਼ਟਰੀ ਮਹਿਲਾ ਆਯੋਗ ਦੁਆਰਾ 8-ਮਾਰਚ ਕੌਮਾਂਤਰੀ ਇਸਤਰੀ ਦਿਵਸ ਦੇ ਮੌਕੇ ਤੇ ਮੁੱਖ ਅਜੰਡਾ, ''ਮੈਨ ਫਾਰ ਵੋਮੈਨ'' ਭਾਵ! ''ਪੁਰਸ਼ ਇਸਤਰੀਆਂ ਲਈ'' ਰੱਖਿਆ ਗਿਆ ਸੀ। ਇਕ ਕੜੀ ਵਜੋਂ ਲਿੰਗਕ-ਸਮਾਨਤਾ ਦੇ ਲਈ ਸੰਯੁਕਤ-ਰਾਸ਼ਟਰ ਇਸਤਰੀ ''ਸੁਹਿਰਦਤਾ ਅੰਦੋਲਨ'' ਤੋਂ ਪ੍ਰੇਰਿਤ ਹੋ ਕੇ ਇਸ ਲਹਿਰ ਨੂੰ ਜੱਥੇਬੰਦ ਕੀਤਾ ਗਿਆ ਸੀ। ਜਿਸ ਰਾਹੀਂ ਦੁਨੀਆ ਭਰ ਦੇ ਇਹੋ-ਜਿਹੇ ਲੋਕਾਂ ਨੂੰ ਜੋੜਨ ਦਾ ਯਤਨ ਕੀਤਾ ਗਿਆ ਸੀ, ਜੋ '' ਹੀ ਫਾਰ ਸ਼ੀ'' ਦੇ ਲਈ ਪ੍ਰਤੀਬੱਧ ਹੁੰਦਾ ਹੈ। ਦ੍ਰਿੜਤਾ ਜਿਸ ਵਿੱਚ 21-ਲੱਖ ਤੋਂ ਵੱਧ ਲੋਕਾਂ ਨੇ ਜਿਨ੍ਹਾਂ ਵਿੱਚ ਮਰਦਾਂ ਦੀ ਗਿਣਤੀ ਵੱਧ ਸੀ, ਨੇ ਆਪਣੀ ਇਸਤਰੀਆਂ ਨਾਲ ਇਕ-ਮੁੱਠਤਾ ਵਜੋਂ ਦ੍ਰਿੜਤਾ ਪ੍ਰਗਟਾਈ ਸੀ। ਇਸ ਅੰਦੋਲਨ ਦੀ ਮੁੱਖ ਗੱਲ ਉਭਰ ਕੇ ਸਾਹਮਣੇ ਇਹ ਆਈ ਸੀ, ''ਕਿ ਲਿੰਗਕ ਵਿਤਕਰੇ ਨੂੰ ਖਤਮ ਕਰਨ ਲਈ ਅੱਜੇ ਤੱਕ ਸ਼ਾਇਦ 250 ਸਾਲ (ਦੋ ਸੌ ਪੰਜਾਹ ਸਾਲ) ਭਾਵ ! ਢਾਈ ਸਦੀਆਂ ਲੱਗ ਜਾਣਗੀਆਂ?'' ਉਸ ਸਮੇਂ ਇਸ ਅੰਦੋਲਨ ਨੇ ਇਹ ਸੰਦੇਸ਼ ਦਿੱਤਾ ਸੀ, ਕਿ ਇਸਤਰੀਆਂ ਨੂੰ ਸਸ਼ਕਤੀਕਰਨ ਤੇ ਸੁਰੱਖਿਅਤ ਕਰਨ ਲਈ ਇਹੋ ਜਿਹੇ ਪੁਰਸ਼ ਜਿਹੜੇ ਇਸਤਰੀਆਂ ਦੇ ਅਧਿਕਾਰਾਂ ਤੇ ਸਸ਼ਕਤੀਕਰਨ ਨਾਲ ਜੁੜੇ ਹੋਏ ਹਨ, ਵਲੋਂ ਸਹਿਯੋਗ ਦੇ ਕੇ ਹੀ ਇਸਤਰੀਆਂ ਨੂੰ ਅੱਗੇ ਲਿਆਂਦਾ ਜਾ ਸਕਦਾ ਹੈ ! ਜਿਨ੍ਹਾਂ ਦੇਸ਼ਾਂ ਵਿੱਚ ਸਮਾਜਵਾਦੀ ਢਾਚਾਂ ਹੈ ! ਉਨ੍ਹਾਂ ਦੇਸ਼ਾਂ ਵਿੱਚ ਇਸਤਰੀਆਂ, ਮਰਦਾਂ ਦੇ ਬਰਾਬਰ ਕੰਮ ਵੀ ਕਰਦੀਆਂ ਹਨ, ਮਰਦ ਦੇ ਬਰਾਬਰ ਦੀ ਤਨਖਾਹ ਵੀ ਮਿਲਦੀ ਹੈ ਅਤੇ ਸੁਰੱਖਿਅਤ ਵੀ ਹਨ। ਪਰ ! ਪੂੰਜੀਵਾਦੀ ਤਰਜ਼ ਵਾਲੇ ਦੇਸ਼ਾਂ ਅੰਦਰ ਇਸਤਰੀਆਂ ਦੀ ਹੋਣੀ ਅਜੇ ਬਦਲਣੀ ਪੈਣੀ ਹੈ !

ਕੇਂਦਰ ਵਿੱਚ ਪਿੱਛਲੇ ਅੱਠ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਮੋਦੀ ਸਰਕਾਰ ਹੈ ਤੇ ਬਹੁਤਿਆਂ ਰਾਜਾਂ ਵਿੱਚ ਵੀ ਬੀ.ਜੇ.ਪੀ. ਦੀਆਂ ਸਰਕਾਰਾਂ ਹਨ। ਕੇਂਦਰ ਦੀ ਮੋਦੀ ਸਰਕਾਰ ਢੀਗਾਂ ਮਾਰ ਰਹੀ ਹੈ, ''ਕਿ ਬੇਟੀ ਬਚਾਓ! ਬੇਟੀ ਪੜ੍ਹਾਓ !! ਦੇਸ਼ ਬਚਾਓ !!!'' ਪਤਾ ਨਹੀ ? ਹੋਰ ਕਿੰਨੇ ਇਹੋ ਜਿਹੇ ਨਾਅਰੇ ਮਾਰ ਰਹੀ ਹੈ ? ਪਰ! ਹਕੀਕਤ ਇਸ ਤੋਂ ਕੋਹਾਂ ਦੂਰ ਹੈ ? ਅੱਜ! ਨਾ ਤਾਂ ਸਾਡੀਆਂ ਸਰਕਾਰਾਂ, ਧਾਰਮਿਕ ਅਦਾਰੇ, ਬੁੱਧੀਜੀਵੀ ਇਸਤਰੀਆਂ ਦੇ ਹੱਕ ਵਿੱਚ ਹਾਅ ! ਦਾ ਨਾਅਰਾ ਮਾਰਦੇ ਹਨ; ਸਗੋਂ ! ਇਹ ਸਾਰੇ ਹੀ ਮੂਕ ਦਰਸ਼ਕ ਬਣ ਕੇ ਬੈਠੇ ਹੋਏ ਹਨ। ਜਦ ਕਿ ਅੱਜ ! ਇਸਤਰੀਆਂ ਨਾਲ ਘਰਾਂ ਵਿੱਚ, ਚੌਰਾਹਿਆਂ ਵਿੱਚ, ਸੁਧਾਰ ਘਰਾਂ ਵਿੱਚ, ਆਸ਼ਰਮਾਂ ਤੇ ਯਤੀਮ-ਖਾਨਿਆਂ ਵਿੱਚ ਵੀ ਤੇ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਜੋ ਸਾਹਮਣੇ ਆਈ ਹੈ, ਕਿ ਸਾਧਾ-ਸੰਤਾਂ ਦੇ ਡੇਰਿਆ ਤੇ ਪੁਲੀਸ ਥਾਣਿਆਂ ਵਿੱਚ ਵੀ ਬੱਚੀਆ ਨਾਲ ਕੁਕਰਮ ਕਰਣ ਦੀਆ ਦਿਲ ਕੰਬਾਊ ਖਬਰਾਂ ਆ ਰਹੀਆਂ ਹਨ। ਫਿਰ ਇਸਤਰੀਆਂ, ਬੱਚੀਆਂ ਕਿੱਥੇ ਸੁਰੱਖਿਅਤ ਹਨ ? ਇਹ ਸਵਾਲ ਸਾਡੀਆ ਸਰਕਾਰਾਂ ਅਤੇ ਦੇਸ਼ ਦੇ ਲੋਕਾਂ ਸਾਹਮਣੇ ਉਭਰ ਕੇ ਸਾਹਮਣੇ ਆ ਰਿਹਾ ਹੈ?

ਅੱਜ ! ਇਸਤਰੀਆਂ ਨਾਲ ਹੋ ਰਹੀ ਹਿੰਸਾਂ ਦਾ ਵਿਸ਼ਾ ਤੇ ਗਿਣਤੀ ਇਕ ਵੱਡਾ ਦਸਤਾਵੇਜ਼ ਹੀ ਬਣਕੇ ਰਹਿ ਗਿਆ ਹੈ! ਇਕ ਰੀਪੋਰਟ ਮੁਤਾਬਿਕ ਅੱਜ ! ਵੀ ਦੁਨੀਆ ਭਰ ਵਿੱਚ ਤਿੰਨ ਇਸਤਰੀਆਂ ਵਿਚੋਂ ਇਕ ਇਸਤਰੀਆ ਯੌਨ-ਹਿੰਸਾਂ ਦੀ ਸ਼ਿਕਾਰ ਹੋ ਰਹੀ ਹੈ। ਗੱਲ ਕੀ ! ਭਾਰਤ ਵਿੱਚ ਤਾਂ ਇਸਤਰੀ ਦੀ ਦਸ਼ਾ ਹੋਰ ਵੀ ਭਿਆਨਕ ਤੇ ਦਰਦਨਾਕ ਹੋ ਗਈ ਹੈ। ਜਿੱਥੇ ਇਕ ਘੰਟੇ ਵਿੱਚ ਔਸਤਨ ਚਾਰ ਇਸਤਰੀਆਂ ਨਾਲ ਬਲਾਤਕਾਰ ਹੁੰਦਾ ਹੈ।ਜੇਕਰ ਇਨ੍ਹਾਂ ਵਿੱਚ ਦਾਜ-ਦਹੇਜ, ਮਾਨਸਿਕ ਪੀੜਾ, ਘਰੇਲੂ-ਹਿੰਸਾ, ਕੰਨਿਆ-ਭਰੂਣ ਹੱਤਿਆ, ਤੇਜ਼ਾਬ ਸੁੱਟਣਾ, ਅਗਵਾ ਕਰਨਾ ਅਤੇ ਹੋਰ ਅਪਰਾਧਿਕ ਮਾਮਲਿਆਂ ਨੂੰ ਵੀ ਇੱਕਠਾ ਕਰ ਲਿਆ ਜਾਵੇ, ਤਾਂ ਫਿਰ 62-ਫੀ ਸਦ ਇਸਤਰੀਆ ਇਨ੍ਹਾਂ ਅਪਰਾਧਿਕ ਮਾਮਲਿਆਂ ਦਾ ਦੁੱਖ ਭੋਗ ਰਹੀਆਂ ਹਨ। ਅੱਜ ! ਦੇਸ਼ ਭਰ ਵਿਚ ਬੱਚੀਆਂ ਨਾਲ ਹੋ ਰਹੀਆਂ ਵਧੀਕੀਆਂ ਦੀਆ ਖਬਰਾਂ ਮੁੱਖ ਹਨ। ਸਾਲ 2020 'ਚ ਬੱਚੀਆਂ ਨਾਲ ਰੇਪ ਕੇਸ ਸਭ ਤੋਂ ਜ਼ਿਆਦਾ 3,259 ਮੱਧ-ਪ੍ਰਦੇਸ਼ ਅਤੇ ਮਹਾਂਰਾਸ਼ਟਰ 'ਚ 2,785 ਸਾਹਮਣੇ ਆਏ ਹਨ। ਅੱਜ ਦੇਸ਼ ਭਰ ਵਿੱਚ 20 ਮਿੰਟ 'ਚ ਇਕ ਰੇਪ ਹੁੰਦਾ ਹੈ।

ਗੱਲ ਕੀ ! ਦੇਸ਼ ਵਿੱਚ ਹਰ ਸਾਲ ਇਸਤਰੀਆਂ ਨਾਲ ਹੋ ਰਹੇ ਅਪਰਾਧਿਕ ਮਾਮਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ''ਨੈਸ਼ਨਲ ਕਰਾਈਮ ਰੀਕਾਰਡ ਬਿਊਰੋ'' ਦੀ ਰੀਪੋਰਟ ਮੁਤਾਬਿਕ ਸਾਲ 2020 'ਚ ਇਸਤਰੀਆਂ ਵਿਰੁੱਧ






ਰਾਜਿੰਦਰ ਕੌਰ ਚੋਹਕਾ
91-98725-44738
001-403-285-4208
ਕੈਲੇਗਰੀ (ਕੈਨੇਡਾ)

3,71,503 ਮਾਮਲੇ ਦਰਜ ਕੀਤੇ ਗਏ ਹਨ। 20-ਫੀ ਸਦ ਜੁਰਮ ਵਿੱਚ ਪਤੀ ਦੇ ਰਿਸ਼ਤੇਦਾਰਾਂ ਵਲੋਂ ਅਪਰਾਧ ਕੀਤੇ ਜਾਂਦੇ ਹਨ, 23-ਫੀ ਸਦ ਅਣਜਾਣ ਬੰਦਿਆਂ ਵਲੋਂ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਨੀ, 16.8-ਫੀ ਸਦ ਕਿਡਨੈਪ (ਅਗਵਾ ਦੇ ਮਾਮਲੇ) ਦੇ ਮਾਮਲੇ, 7.5-ਫੀ ਸਦ ਸਹਿਯੋਗੀਆਂ ਵਲੋਂ ਵਹਿਸ਼ੀਆਣਾ ਜਬਰ-ਜ਼ੁਲਮ ਕੀਤਾ ਗਿਆ।

''ਪੁਲੀਸ ਖੋਜ ਅਤੇ ਵਿਕਾਸ ਬਿਊਰੋ'' (ਬੀ.ਪੀ.ਆਰ.ਡੀ.)-2020 ਦੇ ਅੰਕੜਿਆਂ ਮੁਤਾਬਿਕ ਦੇਸ਼ ਵਿੱਚ ਕੁੱਲ 20 ਲੱਖ, 91 ਹਜ਼ਾਰ, 488 (20,91,488) ਪੁਲੀਸ ਕਰਮਚਾਰੀ ਹਨ।ਇਨਾਂ ਵਿਚੋਂ 2,15,804 ਇਸਤਰੀ ਪੁਲੀਸ ਕਰਮਚਾਰੀ ਹਨ। ਉੱਥੇ ਹੀ 5.13 ਲੱਖ ਅਸਾਮੀਆਂ ਖਾਲੀ ਹੀ ਪਈਆਂ ਹਨ। ਅਪਰਾਧਿਕ ਮਾਮਲਿਆਂ ਨੂੰ ਰੋਕਣ ਲਈ ਪੁਲੀਸ ਗਿਣਤੀ ਦਾ ਦੇਸ਼ ਵਿੱਚ ਵਾਧਾ, ਜੁਰਮਾਂ ਦੇ ਮੁਕਾਬਲੇ ਹੋਰ ਵਾਧਾ ਜਰੂਰੀ ਹੈ। ਇਸ ਕਰਕੇ ਹੀ ਬਹੁਤੇ ਰਾਜਾਂ ਵਿੱਚ ਇਸਤਰੀਆਂ ਦੀ ਹਿਫ਼ਾਜ਼ਤ ਲਈ, ਪੁਲੀਸ ਲੋੜ ਮੁਤਾਬਿਕ ਨਾ ਹੋਣ ਕਰਕੇ ਕੇਸਾਂ ਵਿੱਚ ਵਾਧਾ ਹੋ ਰਿਹਾ ਹੈ। ਰੀਪਰੋਟ 'ਚ ਦੱਸਿਆ ਗਿਆ ਹੈ, ਕਿ ਇਸਤਰੀਆਂ ਦੀ ਹਿਫ਼ਾਜ਼ਤ ਲਈ ਬਹੁਤ ਸਾਰੇ ਸੂਬੇ ਖਾਸ ਕਰਕੇ ਯੂ.ਪੀ. ਸੁਰੱਖਿਅਤ ਨਹੀਂ ਹੈ। ਦੇਸ਼ ਭਰ ਵਿੱਚ ਪੁਲੀਸ ਫੋਰਸ ਦੀ ਗਿਣਤੀ ਜਨਗਣਨਾ ਮੁਤਾਬਿਕ ਘੱਟ ਹੋਣ ਕਰਕੇ ਜੁਰਮ ਦਿਨੋ-ਦਿਨ ਵੱਧ ਰਹ ਹਨ ਤੇ ਹਿਫ਼ਾਜਤੀ ਦਸਤੇ ਪੁਲੀਸ ਕਰਮਚਾਰੀ ਘੱਟ ਹਨ। ''ਕਰਾਈਮ ਰੀਕਾਰਡ ਬਿਊਰੋ'' ਦੇ ਅੰਕੜਿਆਂ ਮੁਤਾਬਿਕ ਭਾਰਤ 'ਚ ਹਰ ਦਿਨ 109 ਬੱਚੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ।

ਇਹ ਉਪਰੋਕਤ ਉਨ੍ਹਾਂ ਅੰਕੜਿਆਂ ਦੇ ਹਵਾਲੇ ਹਨ, ਜੋ ਸਿਰਫ਼ ਰੀਕਾਰਡ 'ਚ ਲਏ ਗਏ ਹਨ ਜੋ ਲਿੰਗ ਦੇ ਆਧਾਰ ਤੇ ਕੀਤੀ ਗਈ, ਹਿੰਸਾ ਦਾ ਇਕ ਨਾ-ਮਾਤਰ ਸੰਕੇਤਕ ਰੂਪ ਹੀ ਹੈ। ਜਿਸ ਵਿੱਚ ਲੋਕ-ਲਾਜ ਸਮਾਜ ਵਿੱਚ ਪ੍ਰੀਵਾਰ ਦੀ ਇਜ਼ਤ ਦੇ ਨਾਂ ਤੇ 'ਵੱਟਾ' ਨਾ ਲੱਗ ਜਾਵੇ, ਜੋ 99-ਫੀ ਸਦ ਮਾਮਲੇ ਦਰਜ ਹੀ ਨਹੀਂ ਹੁੰਦੇ ਹਨ। ਇਹ ਹਿੰਸਾ ਲਿੰਗਕ ਵਿਤਕਰੇ ਕਰਕੇ ਹੀ ਨਹੀਂ ? ਸਗੋਂ ਤੇ ਸਾਡੇ ਸੱਭਿਆਚਾਰ ਦੀ ਮਾਨਸਿਕਤਾ ਅਤੇ ਜ਼ਾਬਰ ਧਾਰਨਾ ਤੇ ਸਮਾਜੀ ਆਸਥਾ ਨੇ ਘਰ ਕਰ ਲਿਆ ਹੈ ਕਿ ਇਸਤਰੀਆਂ ਘਰਾਂ ਵਿੱਚ ਹੀ ਸੁਰੱਖਿਅਤ ਰਹਿ ਸਕਦੀਆਂ ਹਨ ? ਕਿਉਂਕਿ ਸਰਕਾਰਾਂ ਵਲੋਂ ਇਸਤਰੀਆਂ ਵਿਰੁੱਧ ਹੋ ਰਹੀਆਂ ਹਿੰਸਕ-ਵਧੀਕੀਆਂ ਵਿਰੁੱਧ ਬਣਾਏ ਕਾਨੂੰਨਾਂ ਰਾਹੀਂ ਉਨ੍ਹਾਂ ਨੂੰ ਕੋਈ ਇਨਸਾਫ਼ ਨਹੀਂ ਮਿਲ ਰਿਹਾ ਹੈ, ਨਾ ਹੀ ਉਨ੍ਹਾਂ ਨੂੰ ਦੇਸ਼ ਵਿੱਚ ਪੂਰਨ ਆਰਥਿਕ ਅਜ਼ਾਦੀ ਦਾ ਦਰਜਾ ਮਿਲ ਰਿਹਾ ਹੈ। ਅੱਜ ! ਵੀ ਇਸਤਰੀਆਂ ਨੂੰ ਲਿੰਗਕ, ਸਮਾਜਿਕ, ਆਰਥਿਕ ਦੁੱਖ ਭੋਗਣ ਤੋਂ ਇਲਾਵਾ ਹਾਕਮਾਂ ਵਲੋਂ 'ਰਾਜਨੀਤੀ' ਤੋਂ ਵੀ ਦੂਰ ਕੀਤਾ ਜਾ ਰਿਹਾ ਹੈ।

ਅੱਜ ! ਦੇਸ਼ ਅੰਦਰ ਅਜ਼ਾਦ ਦਾਨਾ ਤੇ ਸਸ਼ਕਤੀਕਰਨ ਹੋਣ ਵਾਲੀਆਂ ਇਸਤਰੀਆਂ ਦਾ ਇਸ ਮਰਦ ਪ੍ਰਧਾਨ ਸਮਾਜ ਵਿੱਚ ਬਰਾਬਰ ਦੀ ਰਹਿ ਕੇ ਕੰਮ ਕਰਨ ਦਾ ਸੁਪਨਾ, ਇਕ ਹਕੀਕਤ ਬਣਦਾ ਨਜ਼ਰ ਨਹੀਂ ਆ ਰਿਹਾ ਹੈ। ਉਹ ਘਰ, ਗ੍ਰਹਿਸਥੀ ਜੀਵਨ, ਸਮਾਜਿਕ, ਰਾਜਨੀਤਕ ਖੇਤਰ, ਆਪਣੇ ਪ੍ਰਤੀ ਅਤੇ ਆਪਣੇ ਬੱਚਿਆਂ ਦੇ ਪ੍ਰਤੀ ਵੀ ਹੁਣ ਆਪਣਾ ਨਿਰਣਾਇਕ ਫੈਸਲਾ ਨਹੀਂ ਦੇ ਸਕਦੀਆਂ ਹਨ। ਜੇਕਰ ਉਹ ਫੈਸਲਾ ਦੇ ਵੀ ਦੇਣ, ਤਾਂ ! ਪ੍ਰੀਵਾਰ ਵਿੱਚ ਮੰਨਿਆ ਹੀ ਨਹੀਂ ਜਾਂਦਾ ਹੈ। ਘਰ ਦਾ ਸਾਰਾ ਕੰਮ ਕਰਨਾ, ਬੱਚਿਆਂ ਨੂੰ ਜਨਮ ਦੇਣਾ, ਪਾਲਣ-ਪੋਸ਼ਣ ਕਰਨਾ, ਪ੍ਰੀਵਾਰ ਨੂੰ ਵੀ ਖੁਸ਼ ਰੱਖਣਾ, ''ਇਸਤਰੀ'' ਦਾ ਹੀ ਕੰਮ ਹੈ। ਪਰ ! ਮੰਦਿਰਾਂ ਵਿੱਚ ਜਾਣ ਦੀ ਵੀ ਉਸ ਨੂੰ ਮਨਾਹੀ ਹੈ। ਧਾਰਮਿਕ ਰੀਤੀ-ਰਿਵਾਜਾਂ, ਵਰਤ-ਤੀਜ਼, ਤਿਉਹਾਰ, ਵੱਡਿਆਂ ਦੇ ਪੈਰੀਂ ਹੱਥ ਲਾਉਣਾ ਇਸਤਰੀ ਲਈ ਬਹੁਤ ਜ਼ਰੂਰੀ ਹੈ। ਘਰਾਂ ਵਿੱਚ ਕਿਸੇ ਵੱਡੇ ਬਜ਼ੁਰਗ ਜਾਂ ਛੋਟਿਆਂ ਵਲੋਂ ਵੀ ਉਸ ਨਾਲ ਕੀਤੀ ਜਾ ਰਹੀ ਨਿਰਾਦਰੀ ਵੀ ਉਸ ਨੂੰ ਸਹਿਣੀ ਪੈਂਦੀ ਹੈ। ਪ੍ਰੀਵਾਰਾਂ ਵਿੱਚ ਮਹੱਤਵਪੂਰਨ ਫੈਸਲਾ ਲੈਣ ਦਾ ਸਿਰਫ 20-ਫੀ-ਸਦ ਇਸਤਰੀਆਂ ਨੂੰ ਹੀ ਹੱਕ ਹੈ। ਕਿੰਨੀ ਹੈਰਾਨੀ ਵਾਲੀ ਅਤੇ ਵਿਡੰਵਨਾ ਵਾਲੀ ਗੱਲ ਹੈ ਕਿ 42-ਫੀ-ਸਦ ਇਸਤਰੀਆਂ ਆਪਣੇ ਪਤੀ ਦੇ ਬਰਾਬਰ ਕਮਾਈ ਕਰ ਰਹੀਆਂ ਹਨ, ਪਰ ! ਨਿਰਣਾਇਕ ਫੈਸਲੇ ਵੀ ਉਹ ਅਜ਼ਾਦਾਨਾ ਤੌਰ ਤੇ ਨਹੀਂ ਲੈ ਸਕਦੀਆਂ?

ਭਾਵੇਂ! ਭਾਰਤ ਸਰਕਾਰ ਵਲੋਂ ਇਸਤਰੀਆ ਦੀ ਘਰੇਲੂ ਸੁਰੱਖਿਆ ਸਬੰਧੀ ਕਾਨੂੰਨ 2006 ਵਿੱਚ ਪਾਸ ਕੀਤਾ ਗਿਆ ਸੀ। ਪ੍ਰਤੂੰ ! ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਦ ਵੀ ਪ੍ਰੀਵਾਰਾਂ ਵਿੱਚ ਹੀ ਨਹੀਂ, ਸਗੋਂ ਤੇ ਹਰ ਥਾਂ ਉਸ ਨਾਲ ਗਾਲੀ-ਗਲੋਚ, ਕੁੱਟ-ਮਾਰ, ਦਾਜ-ਦਹੇਜ ਕਾਰਨ ਪੀੜਤ ਹੈ। ਲੜਕੀ ਪੈਦਾ ਹੋਣ ਤੇ ਘਰੋਂ ਕੱਢ ਦੇਣਾ, ਜਿਸਮਾਨੀ, ਮਾਨਸਿਕ ਤਸ਼ਦਦ ਦਿਨ-ਬ-ਦਿਨ ਵੱਧ ਰਿਹਾ ਹੈ। ''ਹਾਰਵਾਰਡ ਸਕੂਲ ਆਫ ਪਬਲਿਕ ਹੈਲਥ'' ਨੇ ਇਕ ਰੀਪੋਰਟ 'ਚ ਕਿਹਾ ਹੈ, ''ਕਿ ਭਾਰਤ ਵਿੱਚ ''ਮਾਂ'' ਤੇ ਹੋਈ ਘਰੇਲੂ ਹਿੰਸਾਂ ਕਾਰਨ ਲੱਖਾਂ ਬੱਚੇ ਮਾਂ ਵਲੋਂ ਜਨਮ ਦੇਣ ਸਮੇਂ ਜਾਂ ਬਾਦ ਵਿੱਚ ਮਰ ਜਾਂਦੇ ਹਨ।'' ਭਾਂਵੇਂ !''ਮਨੁੱਖੀ ਅਧਿਕਾਰਾਂ ਦੇ ਘੋਸ਼ਣਾ ਪੱਤਰ'' ਵਿੱਚ ਇਹ ਦਰਜ ਕੀਤਾ ਗਿਆ ਹੈ, ਕਿ ਇਸਤਰੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਜਿਸਮਾਨੀ, ਮਾਨਸਿਕ ਤਸ਼ੱਦਦ, ਵਿਤਕਰਾ, ਜ਼ਬਰ-ਜ਼ੁਲਮ, ਅਣਮਨੁੱਖੀ -ਤਸ਼ਦਦ ਨਾ ਕੀਤਾ ਜਾਵੇ?'' ਪਰ ਇਸ ਘੋਸ਼ਣਾ ਪੱਤਰ ਦੇ ਬਾਵਜੂਦ ਵੀ ਭਾਰਤੀ ਇਸਤਰੀ 'ਹਿੰਸਾ ਤੇ ਅੱਤਿਆਚਾਰਾਂ' ਦੀ ਸ਼ਿਕਾਰ ਹੈ !

ਅੱਜ ! ਦੇਸ਼ ਭਰ ਵਿੱਚ ਸਾਮੰਤਵਾਦੀ ਰਹਿੰਦ-ਖੂੰਹਦ ਅਤੇ ਪੂੰਜੀਵਾਦੀ ਪ੍ਰਬੰਧ ਰਾਹੀਂ ਲੁੱਟ-ਖਸੁੱਟ ਵਾਲੇ ਸਮਾਜ ਅੰਦਰ 'ਇਸਤਰੀਆਂ ਤੇ ਬੱਚੀਆਂ' ਉਪਰ ਹਿੰਸਾ ਹੋਰ ਤੇਜ਼ ਹੋਈ ਹੈ। ਜਦੋਂ ਦੀ ਕੇਂਦਰ ਵਿੱਚ ਬੇ.ਜੇ.ਪੀ. ਦੀ ਮੋਦੀ ਸਰਕਾਰ ਆਈ ਹੈ, ਉਸ ਸਮੇਂ ਤੋਂ ਹੀ ਦੇਸ਼ ਅੰਦਰ ਘੱਟ ਗਿਣਤੀ, ਆਦਿਵਾਸੀਆਂ ਅਤੇ ਖਾਸ ਕਰਕੇ ਇਸਤਰੀਆਂ ਅਤੇ ਬੱਚੀਆਂ ਤੇ ਹਮਲੇ ਤੇਜ਼ੀ ਨਾਲ ਵੱਧ ਰਹੇ ਹਨ। ਦੇਸ਼ ਅੰਦਰ ਫਿਰਕਾ ਪ੍ਰਸਤੀ ਵਧੀ ਹੈ, ਧਰਮ ਨਿਰਪੱਖਤਾ ਤੇ ਬਹੁਲਤਾਵਾਦ ਲਈ ਖਤਰੇ ਪੈਦਾ ਕੀਤੇ ਜਾ ਰਹੇ ਹਨ। ਦੇਸ਼ ਦੀ ਅਜ਼ਾਦੀ ਬਾਦ ਅੱਜੇ ਤੱਕ ਇਸਤਰੀਆਂ ਨਾਲ ਲਿੰਗਕ ਵਿਤਕਰਾ ਅਤੇ ਹੋਰ ਅਪਰਾਧਿਕ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹੁਣ ਤੱਕ, ਕੇਂਦਰ ਅਤੇ ਰਾਜ ਸਰਕਾਰਾਂ ਤੇ ਨਾ ਹੀ ਕਾਨੂੰਨੀ ਨਿਆ-ਵਿਵਸਥਾ ਇਸਤਰੀਆਂ ਨੂੰ ਦਰਪੇਸ਼ ਇਨ੍ਹਾਂ ਗੰਭੀਰ ਚੁਣੌਤੀਆਂ ਤੋਂ ਛੁਟਕਾਰਾ ਦਿਵਾ ਸਕੀਆਂ। ਅਫਸੋਸ! ਹੈ ਕਿ ? ਜਿਸ ਦੇਸ਼ ਦੀ ਰਾਜ-ਸਤਾ 'ਤੇ, ਜਿੱਥੇ ਕਾਨੂੰਨ ਘੜਨੀ ਲੋਕਸਭਾ ਅਤੇ ਰਾਜ ਸਭਾ ਦੇ ਮੈਂਬਰਾਂ ਉਪੱਰ ਅਪਰਾਧਿਕ ਮਾਮਲਿਆਂ ਦੇ ਕੇਸ ਦਰਜ ਹੋਣ, ਤਾਂ! ਕੀ ਉਥੇ ਕੋਈ ਇਸਤਰੀਆਂ ਦੀ ਸੁਰੱਖਿਆ ਲਈ ਕੋਈ ਨੈਤਿਕ ਤੌਰ ਤੇ ਸੁਰੱਖਿਅਤ ਕਾਨੂੰਨ ਪਾਸ ਹੋਣਗੇ ? ਮੀਡੀਆ ਅੰਦਰ ਛੱਪ ਰਹੀਆਂ ਖਬਰਾਂ ਮੁਤਾਬਿਕ ਸਚਾਈ ਇਹ ਵੀ ਹੈ, 'ਕਿ ਉੱਚ ਅਹੁੱਦਿਆਂ ਤੇ ਬੈਠੀਆਂ ਇਸਤਰੀਆਂ, ਚਾਹੇ ਉਹ ਰਾਜਨੀਤੀ 'ਚ ਹੋਣ, ਪੁਲੀਸ, ਸੈਨਾ, ਸਮਾਜਿਕ ਕਾਰਕੁੰਨਾ ਹੋਣ ਉਨ੍ਹਾਂ ਨੂੰ ਵੀ ਯੌਨ ਸ਼ੋਸ਼ਣ 'ਤੇ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਹ ਵੀ ਜੱਗ-ਜਾਹਿਰ ਹੈ, ਕਿ ਇਹੋ ਜਿਹੇ ਸ਼ੋਸ਼ਣ ਦੇ ਕੇਸਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੁੰਦੀ। ਕਿਉਂਕਿ ਅਪਰਾਧੀ ਸਤਾ ਦੇ ਬੱਲ-ਬੂਤੇ ''ਬਾ-ਇਜ਼ਤ'' ਬਰੀ ਹੋ ਜਾਂਦੇ ਹਨ ਅਤੇ ਇਹ ਕਲੰਕ ਇਸਤਰੀ ਦੇ ਮੱਥੇ ਤੇ ਲਗਾ ਰਹਿੰਦਾ ਹੈ ? ਸਗੋਂ ਤੇ ਅਸਰ ਰਸੂਖ ਵਾਲੇ ਲੋਕਾਂ ਵਲੋਂ, ਜੋ ਸਤਾ ਦੇ ਗਲਿਆਰਿਆਂ 'ਚ ਬੈਠੇ ਹਨ, ਉਨ੍ਹਾਂ ਵਲੋਂ ਕੇਸਾਂ ਨੂੰ ਉਂਝ ਹੀ ਲਮਕਾ ਅਵਸਥਾ ਜਾਂ ਰਾਜੀਨਾਮਾਂ ਕਰਨ ਦਾ ਦਬਾਓ ਪਾਇਆ ਜਾਂਦਾ ਹੈ। ਇਹੋ ਜਿਹੀ ਸੋਚ ਜਿੱਥੇ ਦੋਸ਼ੀ ਨੂੰ ਹੋਰ ਉਤਸਾਹਿਤ ਕਰਨ ਵਾਲੀ ਹੋਵੇਗੀ ਤਾਂ ਉਹ ਦੇਸ਼ ਦੇ ਲੋਕ ਰਾਜੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਨਿਸ਼ਾਨੀ ਹੈ।

ਇਸਤਰੀਆਂ ਨਾਲ ਇਹੋ ਜਿਹੀਆਂ ਅਪਰਾਧਿਕ ਘਟਨਾਵਾਂ ਵਾਪਰਨ ਤੋਂ ਬਾਦ ਨਿਆਂ ਲੈਣ ਲਈ ਲੰਬਾਂ ਸਮਾਂ ਲੱਗ ਜਾਂਦਾ ਹੈ। ਦੇਸ਼ ਵਿੱਚ ਰਾਸ਼ਟਰੀ ਅਪਰਾਧਾਂ ਦੀ ਗਿਣਤੀ, ''ਰਾਸ਼ਟਰੀ ਅਪਰਾਧ ਰੀਕਾਰਡ ਬਿਊਰੋ'' ਨਾਮੀ ਸੰਸਥਾਂ ਕਰਦੀ ਹੈ। ਪਰ ਉਹ ਦੋਸ਼ੀਆਂ ਦਾ ਹਵਾਲਾ ਹੀ ਨਹੀਂ ਦਿੰਦੀ, ਜਿਨ੍ਹਾਂ ਨੇ ਅਪਰਾਧ ਕੀਤਾ ਹੈ ਤੇ ਜਿਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਦਰਖਾਸਤ ਦਿੱਤੀ ਹੁੰਦੀ ਹੈ। ਪੀੜ੍ਹਤ ਵਾਰ-ਵਾਰ ਕੋਰਟਾਂ ਦੇ ਚੱਕਰ ਲਾਉਣ ਕਾਰਨ ਨਿਰਾਸ਼ ਹੋ ਜਾਂਦੇ ਹਨ। ਕਾਨੂੰਨ ਦੀ ਢਿੱਲ-ਮੱਠ ਲੰਬੀ ਪ੍ਰਕਿਰਿਆ ਅਤੇ ਰਾਜਨੀਤਕ ਦਬਾਓ ਕਾਰਨ ਦੋਸ਼ੀ ਮੁਕਤ ਹੋ ਜਾਂਦੇ ਹਨ। ਪਿਛਲੇ ਇਕ ਦਹਾਕੇ 'ਚ ਜਿੱਥੇ ਇਸਤਰੀਆਂ ਦੇ ਅਧਿਕਾਰਾਂ, ਆਰਥਿਕ ਅਜ਼ਾਦੀ, ਸੁਰੱਖਿਆ ਤੇ ਖੁੱਦ ਮੁਖਤਿਆਰੀ ਵਿੱਚ ਗਿਰਾਵਟ ਆਈ ਹੈ ਅਤੇ ਇਸਤਰੀਆਂ ਵਿਰੁੱਧ ਹਿੰਸਾ, ਯੌਨ ਸ਼ੋਸ਼ਣ, ਘਰੇਲੂ ਹਿੰਸਾ, ਫਿਰਕੂ ਨਫ਼ਰਤ, ਕਤਲ, ਸਾਈਬਰ ਜੁਰਮ ਅਤੇ ਦੱਲਿਤਾਂ ਵਿਰੁੱਧ ਜਾਤ-ਪਾਤ ਅਧਾਰਿਤ ਹਿੰਸਾ 'ਚ ਵਾਧਾ ਹੋਇਆ ਹੈ। ਜਿੱਥੇ ਇਸਤਰੀਆਂ ਵਿਰੁੱਧ ਕੁੱਲ ਜੁਰਮਾਂ ਵਿੱਚ ਵਾਧਾ ਹੋਇਆ ਹੈ, ਉਥੇ ਸਭ ਤੋਂ ਝੰਜੋੜਨ ਵਾਲਾ ਪਹਿਲੂ ਹੈ ''ਬਾਲ ਜੁਰਮਾਂ 'ਚ ਭਾਰੀ ਵਾਧਾ''। ਕੰਮ ਦੀਆਂ ਥਾਵਾਂ, ਅਪਾਹਜ ਇਸਤਰੀਆਂ ਅਤੇ ਬੱਚਿਆਂ ਵਿਰੁੱਧ ਹਿੰਸਾਂ ਦੀ ਦਰ ਵਧੀ ਹੈ। ਦੂਸਰੇ ਪਾਸੇ 498-ਏ ਵਰਗੇ ਕਾਨੂੰਨ ਕਮਜ਼ੋਰ ਤੇ ਪੇਤਲਾ ਕਰਨ ਦੇ ਯਤਨ 'ਵਰਮਾਂ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਨਾ ਕਰਨ ਤੇ ਇਸਤਰੀਆਂ ਲਈ 33-ਫੀ ਸਦ ਰਾਖਵਾਂ ਕਰਨ ਦੀ ਮੰਗ ਨੂੰ ਦਰ-ਕਿਨਾਰ ਕਰਨਾ, ਇਸਤਰੀਆਂ ਨੂੰ ਬਰਾਬਰ ਦੇ ਅਧਿਕਾਰਾਂ ਤੋਂ ਇਨਕਾਰੀ ਹੋਣਾ ਹੈ।

ਇਸਤਰੀਆਂ ਦੇ ਸ਼ਸ਼ਤੀਕਰਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਤੇ ਉਪਰੋਕਤ ਮੁੱਦਿਆਂ ਨੂੰ ਲੈ ਕੇ ਸੰਘਰਸ਼ ਤੇਜ਼ ਕਰਨੇ ਪੈਣਗੇ। ਇਸਤਰੀਆਂ ਨਾਲ ਹੋ ਰਹੀਆਂ ਬੇ-ਇਨਸਾਫੀਆਂ ਵਿਰੁੱਧ ਇਸਤਰੀ ਜੱਥੇਬੰਦੀਆਂ ਵਲੋਂ ਸੰਯੁਕਤ ਸੰਘਰਸ਼ ਉਸਾਰਨੇ ਪੈਣਗੇ। ਕਿਉਂਕਿ ਇਸਤਰੀ ਵਰਗ ਦੀਆਂ ਸਮੱਸਿਆਵਾਂ ਦਾ ਹੱਲ ਵੀ ਕਿਰਤੀ ਵਰਗ ਦੀਆਂ ਸਮੱਸਿਆਵਾਂ ਨਾਲ ਬੱਝਿਆ ਹੋਇਆ ਹੈ ਉਹ ਇਨ੍ਹਾਂ ਸੰਘਰਸ਼ਾਂ ਦਾ ਹਿੱਸਾ ਬਣ ਕੇ ਹੀ ਮੁਕਤੀ ਪ੍ਰਾਪਤ ਕਰ ਸਕਦੀ ਹੈ।

# 'ਪਾਰਟੀ ਵਿਦ ਦਿ ਡਿਫ੍ਰੈਂਸ' ਅਖਵਾਉਂਦੀ ਭਾਜਪਾ ਦਾ ਕਾਂਗਰਸੀਕਰਨ

ਸੁਰੇਸ਼ ਕੁਮਾਰ ਗੋਇਲ

'ਪਾਰਟੀ ਵਿਦ ਦਿ ਡਿਫ੍ਰੈਂਸ' ਅਖਵਾਉਣ ਵਾਲੀ ਭਾਰਤੀ ਜਨਤਾ ਪਾਰਟੀ ਦਾ ਲਗਨ ਵਾਲਾ ਵਰਕਰ ਆਪਣੇ ਅੱਖੀਂ ਪੰਜਾਬ ਭਾਜਪਾ ਦਾ ਕਾਂਗਰਸੀਕਰਨ ਹੁੰਦਾ ਦੇਖ ਰਿਹਾ ਹੈ। ਜਿਸ ਤੇਜ਼ੀ ਨਾਲ ਕਾਂਗਰਸੀ ਨੇਤਾ ਭਾਜਪਾ ਵਿੱਚ ਜਾ ਰਹੇ ਹਨ, ਉਹ ਕਿਤੇ ਨਾ ਕਿਤੇ ਪੰਜਾਬ ਭਾਜਪਾ ਦੀ ਮੌਜੂਦਾ ਲੀਡਰਸ਼ਿਪ ਅਤੇ ਸੰਗਠਨ ਉੱਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ। ਇਹ ਇਸ ਗੱਲ ਨੂੰ ਵੀ ਦਰਸਾਉਂਦਾ ਹੈ ਕਿ ਪੰਜਾਬ ਭਾਜਪਾ ਦੀ ਮੌਜੂਦਾ ਲੀਡਰਸ਼ਿਪ ਅਤੇ ਸੰਗਠਨ ਕਿਤੇ ਨਾ ਕਿਤੇ ਬੇਹੱਦ ਕਮਜ਼ੋਰ ਹੈ, ਜੋ ਪਾਰਟੀ ਦੀਆਂ ਨੀਤੀਆਂ ਨੂੰ ਆਮ ਜਨਤਾ ਤੱਕ ਨਹੀਂ ਪੁਚਾ ਰਿਹਾ, ਤਦੇ ਹੀ ਪਾਰਟੀ ਨੂੰ ਕਾਂਗਰਸ ਪਾਰਟੀ ਤੋਂ ਅਜਿਹੇ ਲੀਡਰ ਇੰਪੋਰਟ ਕਰਨੇ ਪੈ ਰਹੇ ਹਨ, ਜੋ ਕਦੀ ਨਾ ਕਦੀ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ ਦੇ ਕਹਿਣ ਉੱਤੇ ਭਾਰਤੀ ਜਨਤਾ ਪਾਰਟੀ ਉੱਤੇ ਗੰਭੀਰ ਸਵਾਲ ਖੜ੍ਹੇ ਕਰਦੇ ਹੋਏ ਤਾਬੜਤੋੜ ਹਮਲੇ ਕਰਦੇ ਰਹੇ ਹਨ, ਜਿਨ੍ਹਾਂ ਨੇ ਭਾਜਪਾ ਦੇ ਵਰਕਰਾਂ ਉੱਤੇ ਪਿਛਲੇ ਪੰਜ ਸਾਲਾਂ ਵਿੱਚ ਝੂਠੇ ਪਰਚੇ ਦਰਜ ਕਰਵਾਏ ਸਨ।

ਅੱਜ ਉਨ੍ਹਾਂ ਦਾ ਸਵਾਗਤ ਭਾਜਪਾ ਵਿੱਚ ਦਿਲ ਖੋਲ੍ਹ ਕੇ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੇ ਭਾਜਪਾ ਦੇ ਨਿਸਵਾਰਥ ਭਾਵ ਅਤੇ ਅਨੁਸ਼ਾਸਨ ਤੇ ਸੰਗਠਨ ਦੀ ਪਾਲਣਾ ਕਰਨ ਵਾਲੇ ਵਰਕਰ ਨੂੰ ਹਮੇਸ਼ਾ ਨੀਵਾਂ ਦਿਖਾਇਆ ਹੈ।ਵਰਕਰ ਹੈਰਾਨ ਅਤੇ ਪ੍ਰੇਸ਼ਾਨ ਹਨ ਕਿ ਜਿਸ ਪਾਰਟੀ ਨੂੰ ਮਜ਼ਬੂਤ ਅਤੇ ਤਾਕਤਵਰ ਬਣਾਉਣ ਲਈ ਉਨ੍ਹਾਂ ਦੇ ਬਜ਼ੁਰਗਾਂ ਨੇ ਆਪਣੀ ਜ਼ਿੰਦਗੀ ਲਾ ਦਿੱਤੀ ਅਤੇ ਕਈ ਕਿਸਮ ਦੇ ਇਨ੍ਹਾਂ ਕਾਂਗਰਸੀਆਂ ਵੱਲੋਂ ਦਿੱਤੇ ਦੁੱਖ ਸਹਿਣ ਕੀਤੇ, ਉਨ੍ਹਾਂ ਨੂੰ ਉਨ੍ਹਾਂ ਦੇ ਸਿਰ ਉੱਤੇ ਥੋਪਿਆ ਜਾ ਰਿਹਾ ਹੈ। ਇਹ ਕਾਂਗਰਸੀ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਨੇ ਹਾਸ਼ੀਏ ਉੱਤੇ ਲਿਆ ਦਿੱਤਾ, ਕੇਂਦਰ ਦੀ ਭਾਜਪਾ ਸਰਕਾਰ ਤੋਂ ਲਾਭ ਲੈਣ ਦੇ ਨਾਲ ਆਪਣੀਆਂ ਖਾਹਿਸ਼ਾਂ ਕਾਰਨ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਵੀ ਪੰਜਾਬ ਦੇ ਮੌਜੂਦਾ ਕਮਜ਼ੋਰ ਅਤੇ ਦਿਸ਼ਾਹੀਣ ਲੀਡਰਾਂ ਉੱਤੇ ਯਕੀਨ ਨਹੀਂ ਹੈ, ਜੋ ਧੜਾਧੜ ਕਾਂਗਰਸੀਆਂ ਨੂੰ ਲਗਾਤਾਰ ਭਰਤੀ ਕਰ ਰਹੀ ਹੈ ਅਤੇ ਪੰਜਾਬ ਦੇ ਨੇਤਾ ਆਪਣੀ ਕੁਰਸੀ ਬਚਾਉਣ ਲਈ ਕੇਂਦਰ ਦੇ ਅੱਗੇ ਹੱਥ ਜੋੜ ਕੇ ਖੜ੍ਹੇ ਹਨ।

ਭਾਰਤੀ ਜਨਤਾ ਪਾਰਟੀ ਪੰਜਾਬ ਨੇ 2022 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਵੀ ਬਥੇਰੇ ਕਾਂਗਰਸੀਆਂ ਨੂੰ ਪਾਰਟੀ ਵਿੱਚ ਸ਼ਾਮਲ ਕਰ ਕੇ ਟਿਕਟ ਦੇ ਕੇ ਤਜਰਬਾ ਕੀਤਾ ਸੀ, ਜੋ ਬਿਲਕੁਲ ਅਸਫਲ ਰਿਹਾ ਸੀ ਤੇ ਵਧੇਰੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਭਾਜਪਾ ਦੇ ਗੜ੍ਹ ਕਹੇ ਜਾਣ ਵਾਲੇ ਹਿੰਦੂ ਸੰਘਣੀ ਵਸੋਂ ਵਾਲੇ ਹਲਕੇ ਵਿੱਚ ਵੀ ਪਾਰਟੀ ਨੂੰ ਕਰਾਰੀ ਹਾਰ ਸਹਿਣੀ ਪਈ ਸੀ। ਇਨ੍ਹਾਂ ਹਲਕਿਆਂ ਦੇ ਨੇਤਾਵਾਂ ਨੇ ਸਰੀਰਕ ਤੌਰ ਉੱਤੇ ਪਾਰਟੀ ਦਾ ਸਾਥ ਦਿੱਤਾ ਸੀ ਪਰ ਵੋਟਾਂ ਪੈਣ ਦੇ ਸਮੇਂ ਵੋਟਾਂ ਨਹੀਂ ਪਵਾਈਆਂ ਕਿ ਕਿਤੇ ਇਹ ਜਿੱਤ ਕੇ ਸਾਨੂੰ ਹੀ



ਅਦ੍ਰਿਸ਼ ਨਾ ਕਰ ਦੇਣ।

ਜੋ ਨੇਤਾ ਕਾਂਗਰਸਜਾਂ ਹੋਰ ਪਾਰਟੀ ਵਿੱਚ ਰਹਿ ਕੇ ਭਾਜਪਾ ਨੂੰ ਗਾਲ੍ਹਾਂ ਕੱਢਦਾ ਸੀ, ਉਹ ਪਾਰਟੀ ਬਦਲਣ ਬਾਅਦ ਭਾਜਪਾ ਦੇ ਵਰਕਰਾਂ ਤੋਂ ਆਪਣੇ ਨਾਂ ਦੇ ਜ਼ਿੰਦਾਬਾਦ ਦੇ ਨਾਅਰੇ ਵੀ ਲਗਵਾਏਗਾ ਅਤੇ ਉਨ੍ਹਾਂ ਕੋਲੋਂ ਚੋਣਾਂ ਵਿੱਚ ਕੰਮ ਵੀ ਕਰਵਾਵੇਗਾ। ਕੀ ਇਹ 'ਪਾਰਟੀ ਵਿਦ ਦਿ ਡਿਫ੍ਰੈਂਸ' ਅਖਵਾਉਣ ਵਾਲੀ ਭਾਜਪਾ ਨੂੰ ਸ਼ੋਭਾ ਦਿੰਦਾ ਹੈ ਜਾਂ ਪੰਜਾਬ ਦੀ ਭਾਜਪਾ ਵਿੱਚ ਨੇਤਾ ਜਾਂ ਵਰਕਰ ਖਤਮ ਹੋ ਗਏ ਹਨ।

ਇੱਥੇ ਇਹ ਵਿਚਾਰਨ ਦੀ ਗੱਲ ਹੈ ਕਿ ਵਿਸ਼ਵ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਕਹਾਉਣ ਵਾਲੀ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਪਿਛਲੇ 72 ਸਾਲਾਂ ਤੋਂ ਆਪਣਾ ਸਿਆਸੀ ਆਧਾਰ ਕਿਉਂ ਨਾ ਬਣਾ ਸਕੀ। ਇੱਥੇ ਕੀ ਕਮੀ ਰਹੀ। ਪੂਰੇ ਵਿਸ਼ਵ ਵਿੱਚ ਇਸ ਦਾ ਵਿਸਥਾਰ ਹੋਇਆ ਤਾਂ ਪੰਜਾਬ ਕਿਉਂ ਵਾਂਝਾ ਰਿਹਾ ਹੈ? ਪੰਜਾਬ ਵਿੱਚ ਬਹੁਤ ਵੱਡਾ ਵਰਕਰਾਂ ਦਾ ਮਜ਼ਬੂਤ ਤੇ ਸੰਗਠਿਤ ਸਮੂਹ ਹੋਣ ਦੇ ਬਾਵਜੂਦ ਸੱਤਾ ਦੇ ਗਲਿਆਰੇ ਤੋਂ ਦੂਰ ਕਿਉਂ? ਕੀ ਇਸ ਦਾ ਕਾਰਨ ਵਰਕਰਾਂ ਦੀ ਅਣਦੇਖੀ ਰਹੀ ਜਾਂ ਉਨ੍ਹਾਂ ਨੂੰ ਸਹੀ ਢੰਗ ਨਾਲ ਸੰਗਠਿਤ ਨਹੀਂ ਕੀਤਾ ਗਿਆ? ਕੀ ਪੰਜਾਬ ਵਿੱਚ ਭਾਜਪਾ ਦੀ ਕੋਈ ਮਜ਼ਬੂਤ ਨੀਤੀ ਨਹੀਂ ਹੈ?ਕੀ ਕਾਰਨ ਰਿਹਾ ਕਿ 26 ਨਵੰਬਰ 2012 ਨੂੰ ਬਣੀ ਨਵੀਂ ਸਿਆਸੀ ਪਾਰਟੀ ਬਿਨਾਂ ਕਿਸੇ ਵਰਕਰ ਕੇਡਰ ਦੇ 9 ਸਾਲ ਵਿੱਚ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋ ਗਈ ਅਤੇ ਇਹ ਸਿਰਫ ਦੋ ਸੀਟਾਂ ਉੱਤੇ ਦੇਖਦੇ ਰਹਿ ਗਏ। ਪਾਰਟੀ ਲਈ ਮਰ ਮਿਟਣ ਵਾਲਾ ਵਰਕਰ ਚੋਣਾਂ ਵਿੱਚ ਵੋਟਰਾਂ ਨੂੰ ਆਪਣੇ ਵੱਲ ਖਿੱਚ ਕਿਉਂ ਨਹੀਂ ਸਕਦਾ?

ਪਾਰਟੀ ਨੂੰ ਆਪਣੀ ਕਾਰਜਸ਼ੈਲੀ ਦਾ ਵੀ ਮੰਥਨ ਕਰਨਾ ਹੋਵੇਗਾ। ਕਾਂਗਰਸੀਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦੇ ਨਾਲ-ਨਾਲ ਆਪਣੀਆਂ ਕਮੀਆਂ ਵੱਲ ਵੇਖਣਾ ਹੋਵੇਗਾ, ਭਾਵ ਆਪਣੀ ਪੀੜ੍ਹੀ ਦੇ ਹੇਠਾਂ ਵੀ ਸੋਟਾ ਫੇਰਨਾ ਹੋਵੇਗਾ।ਅਜਿਹਾ ਲੱਗਦਾ ਹੈ ਕਿ ਪਾਰਟੀ ਨੇ ਬੀਤੇ ਤੋਂ ਕੋਈ ਸਬਕ ਨਹੀਂ ਸਿੱਖਿਆ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਦੇ ਨਾਲ ਵਰਕਰਾਂ ਦਾ ਮਨੋਬਲ ਵਧਾਉਣ ਲਈ ਕੋਈ ਕਾਰਗਰ ਕਦਮ ਨਹੀਂ ਚੁੱਕੇ। ਇਸ ਸਮੇਂ ਪਾਰਟੀ ਅਤੇ ਵਰਕਰਾਂ ਨੂੰ ਕਾਂਗਰਸੀਆਂ ਦੀ ਥਾਂਹੌਸਲੇ ਅਤੇ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ, ਜੋ ਧੜੇਬਾਜ਼ੀ ਤੋਂ ਉਪਰ ਉਠ ਕੇ ਸਾਰਿਆਂ ਨੂੰ ਨਾਲ ਲੈ ਕੇ ਪਾਰਟੀ ਅਤੇ ਸੰਗਠਨ ਨੂੰ ਮਜ਼ਬੂਤ ਕਰ ਸਕੇ। ਜੇ ਇਹੋ ਹਾਲ ਰਹੇਗਾ ਤਾਂ ਅਗਲੇ ਕਈ ਸਾਲਾਂ ਤੱਕ ਭਾਜਪਾ ਪੰਜਾਬ ਵਿੱਚ ਸੱਤਾ ਵਿੱਚ ਨਹੀਂ ਆਵੇਗੀ ਤੇ ਪੰਜਾਬ ਭਾਜਪਾ ਦਾ ਵਰਕਰ ਦਰੀਆਂ ਵਿਛਾਉਂਦਾ ਸੀ, ਦਰੀਆ ਵਿਛਾਉਂਦਾ ਹੈ, ਦਰੀਆਂ ਹੀ ਵਿਛਾਉਂਦਾ ਰਹੇਗਾ ਜਦਕਿ ਇਹੀ ਕਾਂਗਰਸੀ ਸਾਡੇ ਉੱਤੇ ਕੱਲ੍ਹ ਵੀ ਰਾਜ ਕਰਦੇ ਸਨ ਅਤੇ ਭਾਜਪਾ ਦਾ ਇਹੀ ਹਾਲ ਰਿਹਾ ਤਾਂ ਅੱਗੇ ਵੀ ਰਾਜ ਕਰਦੇ ਰਹਿਣਗੇ।ਪੰਜਾਬ ਭਾਜਪਾ ਦੇ ਜੋ ਨੇਤਾ ਅੱਜ ਇਨ੍ਹਾਂ ਕਾਂਗਰਸੀ ਫਸਲੀ ਬਟੇਰਿਆਂ ਦਾ ਸਵਾਗਤ ਕਰਦੇ ਹਨ, ਉਹ ਧਿਆਨ ਰੱਖਣ ਕਿ ਇਹੀ ਕਾਂਗਰਸੀ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਪਾਸੇ ਕਰ ਦੇਣਗੇ।

## ਸਿਮਰਨਜੀਤ ਸਿੰਘ ਮਾਨ ਸੰਗਰੂਰ ਲੋਕਸਭਾ ਉੱਪ ਚੋਣ ਲੜਨਗੇ




ਚੰਡੀਗੜ੍ਹ, 24 ਮਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੰਗਰੂਰ ਲੋਕ ਸਭਾ ਉੱਪ ਚੋਣ ਵਿੱਚ ਉਮੀਦਵਾਰ ਵਜੋਂ ਚੋਣ ਲੜਨਗੇ। ਇਸ ਦਾ ਫ਼ੈਸਲਾ ਪਿੱਛਲੇ ਦਿਨੀਂ ਹੋਈ ਪਾਰਟੀ ਦੀ ਰਾਜਸੀ ਮਾਮਲਿਆਂ ਦੀ ਕਮੇਟੀ (ਪੀ ਏ ਸੀ) ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਲਿਆ ਗਿਆ ਹੈ। ਇਸ ਕਮੇਟੀ ਵਿੱਚ ਸ਼ਾਮਲ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪ੍ਰੋ. ਮਹਿੰਦਰਪਾਲ ਸਿੰਘ, ਮਾਸਟਰ ਕਰਨੈਲ ਸਿੰਘ ਨਾਰੀਕੇ, ਗੁਰਸੇਵਕ ਸਿੰਘ ਜਵਾਹਰਕੇ, ਕੁਲਦੀਪ ਸਿੰਘ ਭਾਗੋਵਾਲ ਆਦਿ ਆਗੂਆਂ ਨੇ ਹਿੱਸਾ ਲਿਆ।

ਮੀਟਿੰਗ ਦੇ ਵੇਰਵੇ ਪ੍ਰੈਸ ਨਾਲ ਸਾਂਝੇ ਕਰਦਿਆਂ ਪਾਰਟੀ ਦੇ ਸਪੈਸ਼ਲ ਸੈਕਟਰੀ ਗੁਰਜੰਟ ਸਿੰਘ ਕੱਟੂ ਨੇ ਕਿਹਾ ਕਿ ਇਹ ਤੈਅ ਹੋਇਆ ਹੈ ਕਿ ਸਿਮਰਨਜੀਤ ਸਿੰਘ ਮਾਨ ਸੰਗਰੂਰ ਦੀ ਪਾਰਲੀਮੈਂਟ ਦੀ ਉੱਪ ਚੋਣ ਚੋਣ ਲੜਣਗੇ। ਉਨ੍ਹਾਂ ਕਿਹਾ ਪਿਛਲੇ ਫ਼ਰਵਰੀ ਵਿੱਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ ਪੰਜਾਬ ਦੀ ਵਾਗ ਉਨ੍ਹਾਂ ਹੱਥਾਂ ਵਿੱਚ ਚਲੀ ਗਈ ਹੈ, ਜਿਨ੍ਹਾਂ ਨੂੰ ਕੁਝ ਕਰਨ ਤੋਂ ਪਹਿਲਾਂ ਦਿੱਲੀ ਦੇ ਆਗੂਆਂ ਤੋਂ ਪੁੱਛਣਾ ਪੈਂਦਾ ਹੈ, ਪੰਜਾਬ ਦੀ ਅਸੈਂਬਲੀ ਵਿੱਚ ਪਹਿਲੀ ਵਾਰੀ ਹੋਇਆ ਕਿ ਪੰਥ ਅਤੇ ਕੌਮ ਦੀ ਗੱਲ ਕਰਨ ਵਾਲਾ ਕੋਈ ਆਗੂ ਨਾ ਹੋਵੇ। ਇਸੇ ਤਰ੍ਹਾਂ ਪਾਰਲੀਮੈਂਟ ਵਿੱਚ ਵੀ ਪੰਥਕ ਮੁੱਦਿਆਂ ਅਤੇ ਪੰਜਾਬ ਦੀ ਅਵਾਜ਼ ਚੁਕਣ ਵਾਲਾ ਕੋਈ ਮੈਂਬਰ ਨਹੀਂ ਹੈ। ਪੰਜਾਬ ਦੇ ਲੋਕ ਆਪਣੇ ਆਪ ਨੂੰ ਲੁੱਟਿਆ ਸਮਝਦੇ ਹਨ।

## ਪੰਜਾਬ ਸਰਕਾਰ ਨੇ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੱਡਣ ਲਈ ਇੱਕ ਮਹੀਨੇ ਦਾ ਹੋਰ ਸਮਾਂ ਦਿੱਤਾ

*** ਕਿਸਾਨ ਜਥੇਬੰਦੀਆਂ ਨਾਲ ਪੰਚਾਇਤ ਮੰਤਰੀ ਦੀ ਮੀਟਿੰਗ * ਛੋਟੇ ਕਿਸਾਨਾਂ ਨੂੰ 15 ਦਿਨ ਪਹਿਲਾਂ ਨੋਟਿਸ ਦਿੱਤਾ ਜਾਵੇਗਾ**



ਚੰਡੀਗੜ੍ਹ, 24 ਮਈ (ਪੋਸਟ ਬਿਊਰੋ)- ਕੱਲ੍ਹ ਇੱਥੇ ਪੰਜਾਬ ਭਵਨ ਵਿਖੇ 23 ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਿਚਾਲੇ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਦੀ ਮੁਹਿੰਮ ਦੇ ਸਬੰਧ ਵਿੱਚ ਮੀਟਿੰਗ ਵਿੱਚ ਜ਼ਮੀਨਾਂ ਦੇ ਆਬਾਦਕਾਰ ਛੋਟੇ ਕਿਸਾਨਾਂ ਨੂੰ ਰਾਹਤ ਮਿਲੀ ਹੈ। ਮੀਟਿੰਗ ਵਿੱਚ ਇੱਕ ਅਹਿਮ ਫ਼ੈਸਲਾ ਇਹ ਹੋਇਆ ਹੈ ਕਿ ਨਾਜਾਇਜ਼ ਕਬਜ਼ੇ ਛੱਡਣ ਲਈ ਮੁੱਖ ਮੰਤਰੀ ਵੱਲੋਂ ਦਿੱਤੀ ਗਈ ਚੇਤਾਵਨੀ ਦਾ ਸਮਾਂ 31 ਮਈ ਤੋਂ ਵਧਾ ਕੇ 30 ਜੂਨ ਕਰ ਦਿੱਤਾ ਗਿਆ ਹੈ।

ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਦੀ ਖ਼ੁਦ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਮੀਟਿੰਗ ਬੜੇ ਹੀ ਵਧੀਆ ਮਾਹੌਲ ਵਿੱਚ ਹੋਈ ਤੇ ਕਿਸਾਨ ਆਗੂਆਂ ਨੇ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦਾ ਸਮਰਥਨ ਕੀਤਾ ਹੈ। ਉਨ੍ਹਾਂ ਦਾ ਡਰ ਆਬਾਦਕਾਰ ਛੋਟੇ ਕਿਸਾਨਾਂ ਦੇ ਉਜਾੜੇ ਬਾਰੇ ਸੀ, ਪਰ ਸਪੱਸ਼ਟ ਕੀਤਾ ਗਿਆ ਹੈ ਕਿ ਕਿਸੇ ਛੋਟੇ ਕਿਸਾਨ ਦਾ ਘਰ, ਜਿਸ ਨੇ ਜ਼ਮੀਨ ਆਬਾਦ ਕਰ ਕੇ ਵਾਹੀਯੋਗ ਬਣਾਈ ਹੈ, ਨਹੀਂ ਢਾਹਿਆ ਜਾਵੇਗਾ। ਕਬਜ਼ਾ ਛੁਡਾਉਣ ਤੋਂ ਪਹਿਲਾਂ ਅੱਠ ਦੀ ਥਾਂ 15 ਦਿਨ ਦਾ ਨੋਟਿਸ ਦਿੱਤਾ ਜਾਵੇਗਾ। ਇਸ ਦੌਰਾਨ ਕਿਸਾਨ ਜਾਂ ਆਬਾਦਕਾਰ ਬਾਰੇ ਪੰਚਾਇਤ ਵਿਭਾਗ ਕੋਲ ਆਪਣਾ ਦਾਅਵਾ ਪੇਸ਼ ਕਰਨ ਲਈ 9 ਮੈਂਬਰੀ ਕਮੇਟੀ ਬਣਾਉਣ ਦਾ ਫੈਸਲਾ ਹੋਇਆ ਅਤੇ ਇਸ ਵਿੱਚ ਕਿਸਾਨਾਂ ਦੇ ਪ੍ਰਤੀਨਿਧ ਵੀ ਲਏ ਜਾਣਗੇ। ਇਹ ਆਬਾਦ ਕੀਤੀ ਜ਼ਮੀਨ ਦੇ ਮਾਮਲੇ ਬਾਰੇ ਵਿਚਾਰ ਕਰੇਗੀ ਅਤੇ ਲੋੜ ਪਈ ਤਾਂ ਵਿਧਾਨ ਸਭਾ ਸੈਸ਼ਨ ਵਿੱਚ ਪੰਚਾਇਤੀ ਐਕਟ ਵਿੱਚ ਸੋਧ ਲਈ ਬਿੱਲ ਲਿਆਂਦਾ ਜਾਵੇਗਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕਬਜ਼ੇ ਹੇਠੋਂ ਛੁਡਵਾਈ ਜਾ ਰਹੀ ਜ਼ਮੀਨ ਵੇਚੀ ਨਹੀਂ ਜਾ ਰਹੀ, ਬਲਕਿ ਉਨ੍ਹਾਂ ਹੀ ਲੋਕਾਂ ਨੂੰ ਲੀਜ਼ ਉਪਰ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਇਸ ਦੇ ਕਾਨੂੰਨੀ ਹੱਕਦਾਰ ਬਣ ਸਕਣ।

## ਨਵਜੋਤ ਸਿੱਧੂ ਜੇਲ੍ਹ ਵਿੱਚ ਬਾਜਰੇ ਦੀ ਰੋਟੀ ਨਾਲ ਸਲਾਦ ਛਕਣਗੇ

*** ਖ਼ੂਨ ਗਾੜ੍ਹਾ ਤੇ ਲੀਵਰ ਫੈਟੀ ਹੋਇਆ**



ਪਟਿਆਲਾ, 24 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਵੱਲੋਂ ਸੁਣਾਈ ਇੱਕ ਸਾਲ ਦੀ ਕੈਦ ਦੀ ਸਜ਼ਾ ਕਾਰਨ ਜੇਲ੍ਹ ਵਿੱਚ ਬੰਦ ਕੀਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੂੰ ਸਿਹਤ ਦੀ ਸਮੱਸਿਆ ਕਾਰਨ ਢੁਕਵੀਂ ਡਾਈਟ ਬਾਰੇ ਮੈਡੀਕਲ ਜਾਂਚ ਲਈ ਕੱਲ੍ਹ ਜੇਲ੍ਹ ਤੋਂ ਸਰਕਾਰੀ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ। ਇਸ ਦੌਰਾਨ ਅਦਾਲਤ ਦੇ ਹੁਕਮਾਂ ਉੱਤੇ ਬਣਾਏ ਡਾਕਟਰਾਂ ਦੇ ਤਿੰਨ ਮੈਂਬਰੀ ਬੋਰਡ ਨੇ ਚਾਰ ਘੰਟੇ ਤੋਂ ਵੱਧ ਸਮਾਂ ਜਾਂਚ ਕੀਤੀ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਵੱਲੋਂ ਕਣਕ ਤੋਂ ਐਲਰਜੀ ਦੀ ਗੱਲ ਕਹਿਣ ਬਾਰੇ ਸਥਿਤੀ ਸਾਫ ਨਹੀਂ ਹੋ ਸਕੀ। ਡਾਕਟਰਾਂ ਨੇ ਮੁੱਖ ਤੌਰ ਉੱਤੇ ਉਨ੍ਹਾਂ ਨੂੰ ਬਾਜਰੇ ਦੀ ਰੋਟੀ ਖਾਣ ਦੀ ਸਲਾਹ ਦਿੱਤੀ ਅਤੇ ਉਬਲੀਆਂ ਸਬਜ਼ੀਆਂ ਤੇ ਵੱਧ ਤੋਂ ਵੱਧ ਸਲਾਦ ਖਾਣ ਅਤੇ ਚੁਕੰਦਰ ਦਾ ਜੂਸ ਪੀਣ ਉੱਤੇ ਜ਼ੋਰ ਦਿੱਤਾ ਹੈ। ਮਿਲੇ ਵੇਰਵਿਆਂ ਅਨੁਸਾਰ ਸਿੱਧੂ ਨੂੰ ਫੈਟੀ ਲੀਵਰ ਤੇ ਖ਼ੂਨ ਵਧੇਰੇ ਗਾੜ੍ਹਾ ਹੋਣ ਦਾ ਪਤਾ ਲੱਗਾ ਹੈ। ਇਸ ਲਈ ਡਾਕਟਰੀ ਬੋਰਡ ਨੇ ਉਨ੍ਹਾਂ ਨੂੰ ਜ਼ਿੰਦਗੀ ਭਰ ਖ਼ੂਨ ਪਤਲਾ ਕਰਨ ਵਾਲੀ ਦਵਾਈ ਲੈਣ ਦਾ ਮਸ਼ਵਰਾ ਦਿੱਤਾ ਹੈ। ਡਾਕਟਰਾਂ ਨੇ ਸਿੱਧੂ ਨੂੰ ਵਜ਼ਨ ਘਟਾਉਣ ਦੀ ਰਾਏ ਵੀ ਦਿੱਤੀ। ਇਸ ਮੈਡੀਕਲ ਪੈਨਲ ਵਿੱਚ ਮੈਡੀਸਨ ਮਾਹਰ ਡਾ: ਆਸ਼ੀਸ਼ ਭਗਤ, ਦਿੱਲ ਦੇ ਰੋਗਾਂ ਦੇ ਡਾ: ਗੌਰਵ ਸ਼ਰਮਾ ਅਤੇ ਸੀਨੀਅਰ ਡਾਈਟੀਸ਼ੀਅਨ ਡਾ: ਰਮਨਜੀਤ ਕੌਰ ਸ਼ਾਮਲ ਸਨ। ਕੱਲ੍ਹ ਕੀਤੇ ਟੈਸਟਾਂ ਦੀਆਂ ਕੁੱਝ ਰਿਪੋਰਟਾਂ ਅਜੇ ਆਉਣੀਆਂ ਬਾਕੀ ਹਨ। ਮੈਡੀਕਲ ਸੁਪਰਡੈਂਟ ਨੇ ਕਿਹਾ ਕਿ ਜਾਂਚ ਰਿਪੋਰਟ ਸੋਮਵਾਰ ਸ਼ਾਮੀ ਜੇਲ੍ਹ ਸੁਪਰਡੈਂਟ ਨੂੰ ਪੁੱਜਦੀ ਕਰ ਦਿੱਤੀ ਹੈ। ਜੇਲ੍ਹ ਅਫਸਰ ਇਹ ਰਿਪੋਰਟ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਭੇਜਣਗੇ।

ਵਰਨਣ ਯੋਗ ਹੈ ਕਿ ਜੇਲ੍ਹ ਆਉਣ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਉਸ ਨੂੰ ਕਣਕ ਦੀ ਰੋਟੀ ਤੋਂ ਐਲਰਜੀ ਦਾ ਤਰਕ ਦੇ ਕੇ ਉਸ ਦੇ ਫੈਮਿਲੀ ਡਾਕਟਰ ਵੱਲੋਂ ਦੱਸੀ ਡਾਈਟ ਦੀ ਪ੍ਰਵਾਨਗੀ ਦੇਣ ਦੀ ਅਪੀਲ ਕੀਤੀ ਸੀ। ਨਵਜੋਤ ਸਿੱਧੂ ਜੇਲ੍ਹ ਵਿੱਚ ਸਲਾਦ, ਫਲ ਤੇ ਉਬਲੀਆਂ ਸਬਜ਼ੀਆਂ ਹੀ ਖਾ ਰਹੇ ਹਨ। ਜੇਲ੍ਹ ਵੱਲੋਂ ਸਵੇਰ ਸ਼ਾਮ ਦਾਲ ਜਾਂ ਸਬਜ਼ੀ ਨਾਲ ਸੱਤ-ਸੱਤ ਰੋਟੀਆਂ ਦਿੱਤੀਆਂ ਜਾਂਦੀਆਂ ਹਨ।

## ਸੀਨੀਅਰ ਵਕੀਲ ਨੇ ਨਵਜੋਤ ਸਿੱਧੂ ਦੀ ਡਿਗਰੀ ਉਤੇ ਸਵਾਲ ਚੁੱਕੇ

ਚੰਡੀਗੜ੍ਹ, 24 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲ ਹੇਮੰਤ ਕੁਮਾਰ ਨੇ ਰੋਡਰੇਜ ਮਾਮਲੇ ਵਿੱਚ ਪਟਿਆਲਾ ਜੇਲ੍ਹ ਵਿੱਚ ਬੰਦ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਵਿਦਿਅਕ ਯੋਗਤਾ ਉੱਤੇ ਸਵਾਲ ਉਠਾਏ ਅਤੇ ਕਿਹਾ ਕਿ ਕੀ ਸਿੱਧੂ ਲਾਅ ਗ੍ਰੈਜੂਏਟ ਹਨ? ਲੋਕ ਸਭਾ ਅਤੇ ਰਾਜ ਸਭਾ ਦੀ ਅਧਿਕਾਰਤ ਵੈਬਸਾਈਟ ਉੱਤੇ ਸਿੱਧੂ ਦਾ ਬਾਇਓਡਾਟਾ ਚੈਕ ਕਰਨ ਉੱਤੇ ਉਨ੍ਹਾਂ ਦੀ ਵਿਦਿਅਕ ਯੋਗਤਾ ਬੀ ਏ, ਐਲ ਐਲ ਬੀ ਮਿਲਦੀ ਹੈ, ਪਰ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੀ ਅਧਿਕਾਰਤ ਵੈਬਸਾਈਟ ਉੱਤੇ ਇਸ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸਿੱਧੂ ਦੇ ਨਾਮਜ਼ਦਗੀ ਪੱਤਰ ਨਾਲ ਦਿੱਤੇ ਐਫੀਡੇਵਿਟ ਵਿੱਚ ਉਸ ਦੀ ਵਿਦਿਅਕ ਯੋਗਤਾ ਬੀ ਏ ਹੈ।

ਹੇਮੰਤ ਕੁਮਾਰ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੇ 2017 ਦੀ ਵਿਧਾਨ ਸਭਾ ਚੋਣਾਂ ਵਿੱਚ ਨਾਮਜ਼ਦਗੀ ਦੇ ਨਾਲ ਪੇਸ਼ ਐਫੀਡੇਵਿਟ ਵਿੱਚ 1986 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਬੀ ਏ, ਐਲ ਐਲ ਬੀ ਲਿਖਿਆ ਹੈ। ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ 2009 ਅਤੇ 2004 ਵਿੱਚ ਲੋਕ ਸਭਾ ਚੋਣਾਂ ਵਿੱਚ ਕਾਗਜ਼ ਭਰਨ ਵੇਲੇਐਫੀਡੇਵਿਟ ਵਿੱਚ 1984 ਵਿੱਚ ਸਰਕਾਰੀ ਮਹਿੰਦਰਾ ਕਾਲਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਬੀ ਏ ਕੀਤੀ ਦੱਸੀ ਸੀ। ਇਨ੍ਹਾਂ ਐਫੀਡੇਵਿਟਸ ਦੀ ਪੜਤਾਲ ਦੇ ਬਾਅਦ ਸਵਾਲ ਇਹ ਹੈ ਕਿ ਜੇ ਉਨ੍ਹਾਂ ਦੀ ਬੀ ਏ 1984 ਵਿੱਚ ਮੰਨ ਲਈ ਜਾਏ ਅਤੇ ਐਲ ਐਲ ਬੀ 1986 ਕੀਤੀ ਮੰਨੀਏ, ਤਾਂ ਲੱਗਦਾ ਹੈ ਕਿ ਉਨ੍ਹਾਂ ਨੇ ਦੋ ਸਾਲ ਵਿੱਚ ਐਲ ਐਲ ਬੀ ਦੀ ਡਿਗਰੀ ਕਰ ਲਈ, ਪਰ ਪੰਜ ਦਹਾਕੇ ਪਹਿਲਾਂ ਐਲ ਐਲ ਬੀ ਨੂੰ ਤਿੰਨ ਸਾਲਾ ਡਿਗਰੀ ਕੋਰਸ ਕਰ ਦਿੱਤਾ ਗਿਆ ਸੀ।

## ਆਪ ਪਾਰਟੀ ਦੇ ਵਿਧਾਇਕ ਡਾ. ਬਲਬੀਰ ਸਿੰਘ ਸਮੇਤ 4 ਜਣਿਆਂ ਨੂੰ 3-3 ਸਾਲ ਕੈਦ ਤੇ ਜੁਰਮਾਨਾ



ਰੂਪਨਗਰ, 24 ਮਈ (ਪੋਸਟ ਬਿਊਰੋ)- ਜ਼ਿਲ੍ਹਾ ਅਦਾਲਤ ਰੂਪਨਗਰ ਦੇ ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਰਵਿੰਦਰ ਸਿੰਘ ਨੇ ਕੱਲ੍ਹ ਹਲਕਾ ਪਟਿਆਲਾ ਦਿਹਾਤੀ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਬਲਬੀਰ ਸਿੰਘ ਸਮੇਤ ਚਾਰ ਜਣਿਆਂ ਨੂੰ 3-3 ਸਾਲ ਕੈਦ ਅਤੇ 16-16 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਮਿਲੀ ਜਾਣਕਾਰੀ ਅਨੁਸਾਰ ਚਮਕੌਰ ਸਾਹਿਬ ਥਾਣੇ ਦੇ ਪਿੰਡ ਟੱਪਰੀਆਂ ਦਿਆਲ ਸਿੰਘ ਵਿੱਚ ਜ਼ਮੀਨ ਦੀ ਸਿੰਚਾਈ ਲਈ ਪਾਣੀ ਦੀ ਵਾਰੀ ਦੇ ਝਗੜੇ ਵਿੱਚ 13 ਜੂਨ 2011 ਨੂੰ ਥਾਣਾ ਸ੍ਰੀ ਚਮਕੌਰ ਸਾਹਿਬ ਵਿੱਚ ਡਾ. ਬਲਬੀਰ ਸਿੰਘ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਸੈਣੀ, ਪੁੱਤਰ ਰਾਹੁਲ ਅਤੇ ਇੱਕ ਹੋਰ ਪਰਮਿੰਦਰ ਸਿੰਘ ਦੇ ਖ਼ਿਲਾਫ਼ ਇੰਡੀਨ ਪੀਨਲ ਕੋਡ ਦੀ ਧਾਰਾ 323, 324, 506, 148, 149 ਦਾ ਕੇਸ ਦਰਜ ਕੀਤਾ ਗਿਆ ਸੀ।ਸ਼ਿਕਾਇਤਕਰਤਾ ਰੁਪਿੰਦਰਜੀਤ ਕੌਰ ਅਤੇ ਸੇਵਾਮੁਕਤ ਵਿੰਗ ਕਮਾਂਡਰ ਮੇਵਾ ਸਿੰਘ ਦੇ ਕਹਿਣ ਮੁਤਾਬਕ ਉਨ੍ਹਾਂ ਦੇ ਸਹੁਰੇ ਅਨੂਪ ਸਿੰਘ ਨੇ ਆਪਣੇ ਪਿੰਡ ਟੱਪਰੀਆਂ ਦਿਆਲ ਸਿੰਘ ਦੀ 109 ਵਿਘੇ ਵਾਹੀ ਯੋਗ ਜ਼ਮੀਨ ਆਪਣੇ ਤੇ ਆਪਣੀ ਪਤਨੀ ਸਮੇਤ ਪਰਵਾਰ ਦੇ ਪੰਜ ਜੀਆਂ ਵਿੱਚ ਵੰਡੀ ਸੀ, ਜਿਸ ਬਾਰੇ ਡਾ. ਬਲਬੀਰ ਸਿੰਘ ਦੀ ਪਤਨੀ ਸੁਰਿੰਦਰ ਕੌਰ ਸੈਣੀ ਦੀ ਜ਼ਮੀਨ ਦੇ ਪਾਣੀ ਲਈ ਝਗੜਾ ਸੀ। ਸ਼ਿਕਾਇਤ ਕਰਤਾ ਮੁਤਾਬਕ ਤਿੰਨ ਦਿਨਾਂ ਨੂੰ ਜ਼ਮੀਨ ਨੂੰ ਪਾਣੀ ਦੇਣ ਦੀ ਵਾਰੀ ਸੀ, ਪਰ ਬਲਬੀਰ ਸਿੰਘ ਪੱਖ ਨੇ ਜਬਰਦਸਤੀ ਆਪਣੀ ਜ਼ਮੀਨ ਨੂੰ ਪਾਣੀ ਲਵਾਇਆ ਅਤੇ ਹਮਲਾ ਕਰ ਦਿੱਤਾ। ਇਸ ਬਾਰੇਪੁਲਸ ਨੇ ਸ਼ਿਕਾਇਤਕਰਤਾ ਪੱਖ ਉੱਤੇ ਕਰਾਸ ਕੇਸ ਵੀ ਦਰਜ ਕੀਤਾ ਸੀ।ਕੱਲ੍ਹ ਅਦਾਲਤ ਨੇ ਫੈਸਲਾ ਸੁਣਾਉਂਦੇ ਹੋਏ ਡਾ. ਬਲਬੀਰ ਸਿੰਘ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਸੈਣੀ, ਪੁੱਤਰ ਰਾਹੁਲ ਅਤੇ ਪਰਮਿੰਦਰ ਸਿੰਘ ਨੂੰ ਦੋਸ਼ੀ ਮੰਨ ਕੇ 3-3 ਸਾਲ ਕੈਦ ਅਤੇ 16-16 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੂਜੇ ਪਾਸੇ ਇਸ ਕੇਸ ਵਿੱਚ ਵਿਧਾਇਕ ਦੀ ਸਾਲੀ ਰੁਪਿੰਦਰਜੀਤ ਕੌਰ ਤੇ ਉਸ ਦੇ ਪਤੀ ਸੇਵਾਮੁਕਤ ਵਿੰਗ ਕਮਾਂਡਰ ਮੇਵਾ ਸਿੰਘ ਨੂੰ ਅਦਾਲਤ ਨੇਕਰਾਸ ਕੇਸਤੋਂ ਬਰੀ ਕਰ ਦਿੱਤਾ ਹੈ।ਡਾ. ਬਲਬੀਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਸੈਣੀ, ਪੁੱਤਰ ਰਾਹੁਲ ਅਤੇ ਇੱਕ ਪਰਮਿੰਦਰ ਸਿੰਘ ਨੂੰ ਸਜ਼ਾ ਸੁਣਾਉਣ ਪਿੱਛੋਂ ਦੋਸ਼ੀਆਂ ਨੇ ਜ਼ਮਾਨਤ ਦੀ ਅਰਜ਼ੀ ਦਿੱਤੀ ਅਤੇ 16-16 ਹਜ਼ਾਰ ਰੁਪਏ ਜੁਰਮਾਨੇ ਦੀ ਰਕਮ ਜਮ੍ਹਾ ਕਰਵਾਈ। ਅਦਾਲਤ ਨੇ 50-50 ਹਜ਼ਾਰ ਦੇ ਨਿੱਜੀ ਬਾਂਡ ਭਰਨ ਉੱਤੇ ਵਿਧਾਇਕ ਸਮੇਤ ਸਾਰੇ ਦੋਸ਼ੀਆਂ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
647.539.3020

You only pay upon settlement

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਪੰਜਾਬ ਸਰਕਾਰ ਪਰਲਜ਼ ਗਰੁੱਪ ਦੇ ਪੀੜਤਾਂ ਨੂੰ ਰਾਹਤ ਦੇਣ ਲਈ ਰਾਹ ਲੱਭਣ ਲੱਗੀ

*** ਮਾਮਲੇ ਦੀ ਛਾਣਬੀਣ ਲਈ ਅਧਿਕਾਰੀਆਂ ਨੂੰ ਨਿਰਦੇਸ਼**




ਚੰਡੀਗੜ੍ਹ, 24 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਵਕਤ ਪਰਲਜ਼ ਗਰੁੱਪ ਨੂੰ ਵੀ ਹੱਥ ਪਾਉਣ ਦੇ ਰੌਅ ਵਿੱਚ ਹਨ ਤਾਂ ਜੋ ਪੀੜਤ ਨਿਵੇਸ਼ਕਾਂ ਦਾ ਡੁੱਬਿਆ ਪੈਸਾ ਵਾਪਸ ਕਰਾਇਆ ਜਾ ਸਕੇ।

ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੀੜਤਾਂ ਨੂੰ ਰਾਹਤ ਦੇਣ ਦੇ ਰਾਹ ਤਲਾਸ਼ਣੇ ਸ਼ੁਰੂ ਕੀਤੇ ਹਨ, ਜਿਨ੍ਹਾਂ ਨਾਲ ਨਿਵੇਸ਼ਕਾਂ ਨੂੰ ਧਰਵਾਸ ਹੋ ਸਕਦਾ ਹੈ। ਵਰਨਣ ਯੋਗ ਹੈ ਕਿ ਵੱਡੀ ਪੱਧਰ ਉੱਤੇ ਪੰਜਾਬ ਦੇ ਲੋਕ ਪਰਲਜ਼ ਗਰੁੱਪ ਦੀ ਠੱਗੀ ਦੀ ਮਾਰ ਹੇਠ ਆਏ ਹਨ ਅਤੇ ਆਮ ਆਦਮੀ ਪਾਰਟੀ ਸਰਕਾਰ ਨੇ ਚੋਣਾਂ ਵੇਲੇ ਉਨ੍ਹਾਂ ਦਾ ਪੈਸਾ ਵਾਪਸ ਕਰਾਉਣ ਦਾ ਵਾਅਦਾ ਕੀਤਾ ਸੀ। ਸਭ ਤੋਂ ਵੱਧ ਮਾਲਵਾ ਖਿੱਤਾ ਪਰਲਜ਼ ਗਰੁੱਪ ਦੀ ਮਾਰ ਹੇਠ ਆਇਆ ਹੈ। ਕੁਝ ਪੀੜਤ ਸਦਮਾ ਨਾ ਸਹਾਰਦੇ ਮੌਤ ਦੇ ਮੂੰਹ ਵੀ ਜਾ ਪਏ ਹਨ। ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਪਰਲਜ਼ ਗਰੁੱਪ ਦੇ ਕੇਸ ਦੀ ਛਾਣਬੀਣ ਲਈ ਅਧਿਕਾਰੀਆਂ ਨੂੰ ਹਿਦਾਇਤ ਜਾਰੀ ਕਰ ਦਿੱਤੀ ਹੈ ਤੇ ਕਾਨੂੰਨੀ ਸਲਾਹ ਲਈ ਜਾ ਰਹੀ ਹੈ।

ਦੱਸਿਆ ਗਿਆ ਹੈ ਕਿ ਮੁੱਖ ਮੰਤਰੀ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਪਰਲਜ਼ ਗਰੁੱਪ ਦੀ ਪੰਜਾਬ ਵਿਚਲੀ ਜਾਇਦਾਦ ਆਪਣੀ ਨਿਗਰਾਨੀ ਹੇਠ ਸਰਕਾਰ ਨਿਲਾਮ ਕਰੇ ਤੇ ਉਸ ਤੋਂ ਮਿਲਿਆ ਪੈਸਾ ਪੀੜਤ ਨਿਵੇਸ਼ਕਾਂ ਨੂੰ ਵਾਪਸ ਕੀਤਾ ਜਾ ਸਕੇ। ਇਹ ਕੇਸ ਸੁਪਰੀਮ ਕੋਰਟ ਵਿੱਚ ਹੈ ਅਤੇ ਜਾਂਚ ਏਜੰਸੀ ਸੀ ਬੀ ਆਈ ਕਰੀਬ ਸੱਠ ਹਜ਼ਾਰ ਕਰੋੜ ਰੁਪਏ ਦੀ ਠੱਗੀ ਦਾ ਕੇਸ ਦਰਜ ਕਰ ਚੁੱਕੀ ਹੈ। ਪਰਲਜ਼ ਗਰੁੱਪ ਦਾ ਸੀ ਐਮ ਡੀ (ਚੀਫ ਮੈਨੇਜਿੰਗ ਡਾਇਰੈਕਟਰ) ਨਿਰਮਲ ਸਿੰਘ ਭੰਗੂ ਇਸ ਵੇਲੇ ਤਿਹਾੜ ਜੇਲ੍ਹ ਵਿੱਚ ਹੈ। ਪੰਜਾਬ ਵਿੱਚ ਬਹੁਤ ਸਾਰੀਆਂ ਜ਼ਮੀਨਾਂ ਇਸ ਕੰਪਨੀ ਵੱਲੋਂ ਲੀਜ਼ ਉੱਤੇ ਦਿਖਾ ਦਿੱਤੀਆਂ ਹਨ। ਦੇਸ਼ ਵਿੱਚ ਕਰੀਬ 5.5 ਕਰੋੜ ਨਿਵੇਸ਼ਕਾਂ ਦਾ ਪੈਸਾ ਡੁੱਬਿਆ ਅਤੇ ਇਨ੍ਹਾਂ ਕੰਪਨੀਆਂ ਦੇ ਕਰੀਬ ਦੋ ਦਰਜਨ ਅਹੁਦੇਦਾਰਾਂ ਅਤੇ ਕਾਰੋਬਾਰੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਪਰਲਜ਼ ਗਰੁੱਪ ਨੇਲੋਕਾਂ ਨੂੰ ਸੌਖੇ ਤਰੀਕੇ ਨਾਲ ਪੈਸਾ ਕਮਾਉਣ ਦਾ ਝਾਂਸਾ ਦਿੱਤਾ ਸੀ। ਪੰਜਾਬ ਵਿੱਚ ਇਸ ਗਰੁੱਪ ਨੇ ਕਰੀਬ ਤੀਹ ਹਜ਼ਾਰ ਪਾਲਿਸੀਆਂ ਜਾਰੀ ਕੀਤੀਆਂ ਸਨ, ਜਿਨ੍ਹਾਂ ਨਾਲ ਲੋਕਾਂ ਦਾ ਕਰੀਬ 10 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ।

ਮਿਲੀ ਜਾਣਕਾਰੀ ਅਨੁਸਾਰਪੰਜਾਬ ਵਿੱਚ ਇਸ ਗਰੁੱਪ ਦੀ 10 ਹਜ਼ਾਰ ਏਕੜ ਜ਼ਮੀਨ ਦੀ ਲੱਭੀਗਈ ਅਤੇ ਇਸ ਵਿੱਚੋਂ 3500 ਏਕੜ ਇਕੱਲੇ ਲੁਧਿਆਣਾ ਜ਼ਿਲ੍ਹੇ ਵਿੱਚ ਹੀ ਹੈ। ਸਾਰੇ ਦੇਸ਼ ਵਿੱਚ ਪਰਲਜ਼ ਗਰੁੱਪ ਦੀਆਂ 1.85 ਲੱਖ ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਪਛਾਣ ਹੋਈ ਹੈ। ਕਾਫੀ ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ੇ ਹਨ। ਪੀੜਤ ਲੋਕਾਂ ਦੀ ਜਥੇਬੰਦੀ 'ਇਨਸਾਫ ਦੀ ਆਵਾਜ਼' ਦੇ ਪ੍ਰਧਾਨ ਮਹਿੰਦਰ ਪਾਲ ਸਿੰਘ ਦਾਨਗੜ੍ਹ ਮੁਤਾਬਕ ਆਮ ਆਦਮੀ ਪਾਰਟੀ ਦੀ ਸਰਕਾਰ ਕੋਈ ਪਹਿਲ ਕਰਦੀ ਹੈ ਤਾਂ ਇਸ ਨਾਲ ਨਿਵੇਸ਼ਕਾਂ ਨੂੰ ਵੱਡੀ ਰਾਹਤ ਮਿਲੇਗੀ।

ਮੁੱਖ ਮੰਤਰੀ ਭਗਵੰਤ ਮਾਨ ਸ਼ੁਰੂ ਤੋਂ ਚਿੱਟ ਫੰਡ ਕੰਪਨੀਆਂ ਦੀ ਲੁੱਟ ਵਿਰੁੱਧ ਬੋਲਦੇ ਰਹੇ ਹਨ ਅਤੇ ਪਾਰਲੀਮੈਂਟ ਮੈਂਬਰ ਹੁੰਦਿਆਂ ਵੀ ਉਨ੍ਹਾਂ ਨੇ ਇਹ ਮੁੱਦਾ ਉਠਾਇਆ ਸੀ। ਸੁਪਰੀਮ ਕੋਰਟ ਨੇ ਜਸਟਿਸ (ਰਿਟਾਇਰਡ) ਆਰ ਐਮ ਲੋਢਾ ਦੀ ਅਗਵਾਈ ਵਿੱਚ ਕਮੇਟੀ ਬਣਾਈ ਹੈ, ਜਿਸ ਨੇ ਪਰਲਜ਼ ਗਰੁੱਪ ਦੀਆਂ ਜਾਇਦਾਦਾਂ ਵੇਚ ਕੇ ਨਿਵੇਸ਼ਕਾਂ ਦਾ ਪੈਸਾ ਮੋੜਨਾ ਹੈ। ਇਸ ਕਮੇਟੀ ਨੇ ਦੋ ਜਨਵਰੀ 2018ਨੂੰ ਨਿਵੇਸ਼ਕਾਂ ਨੂੰ ਸੱਦਾ ਦਿੱਤਾ ਸੀ, ਜਿਸ ਪਿੱਛੋਂ ਕਲੇਮ ਦੀਆਂ ਡੇਢ ਕਰੋੜ ਦੇ ਕਰੀਬ ਦਰਖਾਸਤਾਂ ਆਈਆਂ ਸਨ।ਸੀ ਬੀ ਆਈ ਨੇ ਪਰਲਜ਼ ਗਰੁੱਪ ਦੀ ਜਾਇਦਾਦ ਨਾਲ ਸਬੰਧਤ 42,950 ਦਸਤਾਵੇਜ਼ ਇਸ ਕਮੇਟੀ ਨੂੰ ਦਿੱਤੇ ਹਨ। ਤਿੰਨ ਜਾਇਦਾਦਾਂ ਆਸਟਰੇਲੀਆ ਵਿੱਚ ਵੀ ਮਿਲੀਆਂ ਹਨ। ਇਸੇ ਤਰ੍ਹਾਂ 308.04 ਕਰੋੜ ਦਾ ਇਸ ਗਰੁੱਪ ਦਾ ਬੈਂਕ ਡਿਪਾਜ਼ਿਟ, 98.45 ਕਰੋੜ ਦਾ ਫਿਕਸਡ ਡਿਪਾਜ਼ਿਟ ਤੇ 78 ਵਾਹਨਾਂ ਦੀ ਪਛਾਣੀ ਹੈ। ਲੋਢਾ ਕਮੇਟੀ ਨੂੰ ਜਾਇਦਾਦਾਂ ਦੀ ਵਿਕਰੀ ਤੋਂ 878 ਕਰੋੜ ਰੁਪਏ ਦੀ ਰਕਮ ਮਿਲੀ ਹੈ ਜਿਸ ਵਿੱਚ ਆਸਟਰੇਲੀਆ ਤੋਂ ਮਿਲੀ 369.20 ਕਰੋੜ ਰੁਪਏ ਦੀ ਰਕਮ ਸ਼ਾਮਲ ਹੈ। ਜ਼ਮੀਨਾਂ ਦੀ ਨਿਲਾਮੀ ਤੋਂ ਸਿਰਫ 86. 20 ਕਰੋੜ ਰੁਪਏ ਮਿਲੇ ਹਨ।

## ਅਨ-ਰਜਿਸਟਰਡ ਟਰੈਵਲ ਏਜੰਟਾਂ ਨੂੰ ਪ੍ਰਾਪਰਟੀ ਕਿਰਾਏ ਉਤੇ ਦੇਣ ਉੱਤੇ ਰੋਕ ਲੱਗੀ

ਜਲੰਧਰ, 24 ਮਈ (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਟਰੈਵਲ ਏਜੰਟਾਂ ਹੱਥੋਂ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ ਇੱਕ ਵੱਡਾ ਹੁਕਮ ਜਾਰੀ ਕੀਤਾ ਅਤੇ ਅਨਰਜਿਸਟਰਡ ਅਤੇ ਅਨ-ਅਧਿਕਾਰਤ ਟਰੈਵਲ ਏਜੰਟਾਂ ਨੂੰ ਪ੍ਰਾਪਰਟੀ (ਰੈਜ਼ੀਡੈਂਸ਼ੀਅਲ ਜਾਂ ਕਮਰਸ਼ਲ) ਕਿਰਾਏ ਉੱਤੇ ਨਾ ਦੇਣ ਦੇ ਹੁਕਮ ਜਾਰੀ ਕੀਤੇ ਹਨ।ਇਨ੍ਹਾਂ ਹੁਕਮਾਂ ਦਾ ਉਲੰਘਣ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਲਿਖਿਆ ਕਿ ਨੋਟਿਸ ਵਿੱਚ ਆਇਆ ਹੈ ਕਿ ਜ਼ਿਲ੍ਹੇ ਵਿੱਚ ਕਈ ਲੋਕਾਂ ਨੇ ਆਪਣੀ ਪ੍ਰਾਪਰਟੀ ਅਨ-ਅਧਿਕਾਰਤ ਟਰੈਵਲ ਏਜੰਟਾਂ ਨੂੰ ਕਿਰਾਏ ਉੱਤੇ ਦਿੱਤੀ ਹੋਈ ਹੈ, ਜਿੱਥੋਂ ਉਹ ਟਰੈਵਲ ਏਜੰਟ ਆਪਣਾ ਕਾਰੋਬਾਰ ਚਲਾਉਂਦੇ ਹਨ, ਪਰ ਕਈ ਵਾਰ ਅਜਿਹੇ ਏਜੰਟ ਲੋਕਾਂ ਕੋਲੋਂ ਪੈਸੇ ਠੱਗਣ ਪਿੱਛੋਂ ਦਫ਼ਤਰ ਬਦਲ ਲੈਂਦੇ ਹਨ, ਜਿਸ ਕਾਰਨ ਸਮੇਂ ਦੀ ਲੋੜ ਹੈ ਕਿ ਦੁਕਾਨ ਅਤੇ ਮਕਾਨ ਸਿਰਫ਼ ਅਧਿਕਾਰਤ ਏਜੰਟਾਂ ਨੂੰ ਦਿੱਤੇ ਜਾਣ ਤਾਂ ਕਿ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਕਿਹਾ ਕਿ ਲੋਕਾਂ ਨੂੰ ਪ੍ਰਾਪਰਟੀ ਕਿਰਾਏ ਉੱਤੇ ਦੇਣ ਤੋਂ ਪਹਿਲਾਂ ਟਰੈਵਲ ਏਜੰਟਾਂ ਦੇ ਸਰਟੀਫਿਕੇਟ ਦੀ ਜਾਂਚ ਕਰਨੀ ਚਾਹੀਦੀ ਹੈ ਤੇ ਜਿਸ ਕੋਲ ਕਾਰੋਬਾਰ ਚਲਾਉਣ ਲਈ ਯੋਗ ਅਧਿਕਾਰੀ ਵੱਲੋਂ ਜਾਰੀ ਮਨਜ਼ੂਰਸ਼ੁਦਾ ਲਾਇਸੈਂਸ ਹੈ, ਸਿਰਫ਼ ਉਸੇ ਨੂੰ ਉਹ ਪ੍ਰਾਪਰਟੀ ਕਿਰਾਏ ਉੱਤੇ ਦੇਣ।

# ਦੁਨੀਆਂ ਕੋਲ ਸਿਰਫ਼ 70 ਦਿਨਾਂ ਜੋਗੀ ਕਣਕ ਬਚੀ, ਰੋਟੀ ਨੂੰ ਤਰਸੇਗਾ ਯੂਰਪ!

ਵਾਸ਼ਿੰਗਟਨ, 24 ਮਈ (ਪੋਸਟ ਬਿਊਰੋ)- ਯੂਰਪ ਦੀ 'ਰੋਟੀ ਦੀ ਟੋਕਰੀ' ਕਹੇ ਜਾਣ ਵਾਲੇ ਯੂਕਰੇਨ ਉੱਤੇ ਰੂਸ ਦੇ ਹਮਲੇ ਨਾਲ ਅਨਾਜ਼ ਸਪਲਾਈ ਸਬੰਧੀ ਹਾਲਾਤ ਭਿਆਨਕ ਹੁੰਦੇ ਜਾ ਰਹੇ ਹਨ। ਇਸ ਮਹਾ ਸੰਕਟ ਉੱਤੇਯੂ ਐਨ ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆ ਕੋਲ ਸਿਰਫ਼ 10 ਹਫ਼ਤੇ ਯਾਨੀ 70 ਦਿਨਾਂ ਦੀ ਕਣਕ ਬਚੀ ਹੈ।



ਇਹ ਅਨਾਜ ਭੰਡਾਰ ਸਾਲ 2008 ਤੋਂ ਬਾਅਦ ਆਪਣੇ ਸਭ ਤੋਂ ਹੇਠਲੇ ਪੱਧਰ ਉੱਤੇ ਪਹੁੰਚ ਗਿਆ ਹੈ। ਯੂ ਐਨ ਨੇ ਕਿਹਾ ਕਿ ਦੁਨੀਆ ਵਿੱਚ ਅਨਾਜ ਦਾ ਏਡਾ ਸੰਕਟ ਇੱਕ ਪੀੜ੍ਹੀ ਵਿੱਚ ਇੱਕੋ ਵਾਰ ਹੁੰਦਾ ਹੈ।ਇਸ ਦੌਰਾਨ ਦੁਨੀਆ ਦੀਆਂ ਨਜ਼ਰਾਂ ਜਾਪਾਨ ਵਿੱਚ ਹੋਣ ਜਾ ਰਹੇ ਕਵਾਡ ਦੇਸ਼ਾਂ ਦੀ ਮੀਟਿੰਗ ਉੱਤੇ ਟਿਕੀਆਂ ਹਨ, ਜਿੱਥੇ ਕਣਕ ਸੰਕਟ ਪ੍ਰਮੁੱਖਤਾ ਨਾਲ ਵਿਚਾਰਿਆ ਜਾ ਸਕਦਾ ਹੈ। ਰੂਸ ਅਤੇ ਯੂਕਰੇਨ ਦੁਨੀਆ ਦੀ ਇੱਕ-ਚੌਥਾਈ ਕਣਕ ਦੀ ਸਪਲਾਈ ਕਰਦੇ ਹਨ ਤੇ ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਕਣਕ ਨੂੰ ਇੱਕ ਹਥਿਆਰ ਵਜੋਂਵਰਤ ਰਹੇ ਹਨ। ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਰੂਸੀ ਰਾਸ਼ਟਰਪਤੀ ਜਾਣਬੁੱਝ ਕੇ ਵਿਸ਼ਵ ਪੱਧਰੀ ਅਨਾਜ ਸਪਲਾਈ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ ਅਤੇ ਯੂਕਰੇਨ ਦੇ ਖੇਤੀ ਜੰਤਰਾਂ ਨੂੰ ਨਸ਼ਟ ਕਰ ਰਹੇ ਅਤੇ ਉਨ੍ਹਾਂ ਦੀ ਕਣਕ ਨੂੰ ਚੋਰੀ ਕਰ ਰਹੇ ਹਨ।

ਰੂਸ ਵਿੱਚ ਇਸ ਸਾਲ ਕਣਕ ਦੀ ਬੰਪਰ ਫ਼ਸਲ ਹੋਈ ਹੈ ਅਤੇ ਪੁਤਿਨ ਇਸ ਨੂੰ ਕੰਟਰੋਲ ਕਰ ਸਕਦੇ ਹਨ। ਉਥੇ ਖ਼ਰਾਬ ਮੌਸਮ ਨਾਲ ਯੂਰਪ ਅਤੇ ਅਮਰੀਕਾ ਵਿੱਚ ਕਣਕ ਦੀ ਫਸਲ ਨੂੰ ਨੁਕਸਾਨ ਪੁੱਜਾ ਹੈ। ਬਾਈਡੇਨ ਭਾਰਤ ਵੱਲੋਂ ਕਣਕ ਬਰਾਮਦ ਉੱਤੇ ਪਾਬੰਦੀ ਲਾਉਣ ਨਾਲ ਪੱਛਮੀ ਦੇਸ਼ ਟੈਨਸ਼ਨ ਵਿੱਚ ਹਨ। ਦੱਸਿਆ ਜਾਂਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਕਵਾਡ ਦੀ ਜਾਪਾਨ ਵਿੱਚ ਹੋ ਰਹੀ ਮੀਟਿੰਗ ਵਿੱਚ ਕਣਕ ਦੀ ਬਰਾਮਦ ਦਾ ਮੁੱਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਹਮਣੇ ਉਠਾ ਸਕਦੇ ਹਨ। ਅਮਰੀਕਾ ਨੇ ਕਿਹਾ ਹੈ ਕਿ ਕਵਾਡ ਮੀਟਿੰਗ ਵਿੱਚ ਕਣਕ ਸੰਕਟ ਉੱਤੇ ਚਰਚਾ ਹੋਵੇਗੀ। ਬਾਈਡੇਨ ਮੋਦੀ ਨੂੰ ਬਰਾਮਦ ਤੋਂ ਬੈਨ ਨੂੰਹਟਾਉਣ ਲਈ ਕਹਿ ਸਕਦੇ ਹਨ।

# 134 ਲੋਕਾਂ ਨੂੰ ਲਿਜਾ ਰਹੇ ਸਮੁੰਦਰੀ ਜਹਾਜ਼ ਵਿੱਚ ਅੱਗ ਲੱਗੀ, 7 ਮੌਤਾਂ



ਮਨੀਲਾ, 24 ਮਈ (ਪੋਸਟ ਬਿਊਰੋ)- ਕਿਊਜ਼ੋਨ ਸੂਬੇ ਦੇ ਇੱਕ ਸ਼ਹਿਰ ਦੇ ਰਸਤੇ ਵਿੱਚ ਲੁਜੋਨ ਟਾਪੂ ਨੇੜੇ134 ਲੋਕਾਂ ਨੂੰ ਲੈ ਕੇ ਜਾ ਰਹੇ ਇੱਕ ਸਮੁੰਦਰੀ ਜਹਾਜ਼ ਨੂੰ ਕੱਲ੍ਹ ਅੱਗ ਲੱਗ ਜਾਣ ਕਾਰਨ ਯਾਤਰੀਆਂ ਅਤੇ ਚਾਲਕ ਦਲ ਨੇ ਜਾਨ ਬਚਾਉਣ ਲਈ ਸਮੁੰਦਰ ਵਿੱਚ ਛਾਲ ਮਾਰ ਦਿੱਤੀ। ਇਸ ਹਾਦਸੇ ਵਿੱਚ ਘੱਟੋ-ਘੱਟ ਸੱਤ ਲੋਕਾਂ ਦੀ ਮੌਤ ਹੋ ਗਈ।

ਫ਼ਿਲੀਪੀਨਜ਼ ਕੋਸਟ ਗਾਰਡ (ਪੀ ਸੀ ਜੀ) ਦੇ ਬੁਲਾਰੇ ਨੇ ਦੱਸਿਆ ਕਿ ਜ਼ਿਆਦਾਤਰ ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਨੂੰ ਬਚਾਅ ਲਿਆ ਗਿਆ ਹੈ।ਪੋਲੀਓ ਟਾਪੂ ਤੋਂ ਕਿਊਜ਼ਨ ਜਾਣ ਵਾਲੇ ਐਮ/ਵੀ ਮਰਕਰਾਫ਼ਟ-2 ਉੱਤੇ ਅੱਗ ਲੱਗਣ ਪਿੱਛੋਂ ਘੱਟੋ-ਘੱਟ ਚਾਰ ਲੋਕ ਲਾਪਤਾ ਹਨ। ਤੱਟ ਰੱਖਿਅਕ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਤੋਂ ਬਾਅਦ 134 ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਵਿੱਚੋਂ ਬਹੁਤਿਆਂ ਨੂੰ ਪਾਣੀ ਵਿੱਚ ਛਾਲ ਮਾਰਨੀ ਪਈ। ਇਸ ਖੇਤਰ ਵਿੱਚ ਤਾਇਨਾਤ ਜਹਾਜ਼ਾਂ ਨੇ ਉਨ੍ਹਾਂ ਨੂੰ ਬਚਾਅ ਲਿਆ। ਅਧਿਕਾਰੀਆਂ ਮੁਤਾਬਕ ਅੱਗ ਕਿਸ਼ਤੀ ਦੇ ਇੰਜਨ ਰੂਮ ਨੂੰ ਲੱਗੀ ਜਾਪਦੀ ਹੈ। ਉਨ੍ਹਾਂ ਕਿਹਾ ਕਿ ਕਿਸ਼ਤੀ ਦੇ ਮਲਬੇ ਨੂੰ ਕੰਢੇ ਲਿਆਂਦਾ ਗਿਆ ਹੈ। ਤੱਟ ਰੱਖਿਅਕਾਂ ਵੱਲੋਂ ਜਾਰੀ ਕੀਤੀਆਂ ਤਸਵੀਰਾਂ ਵਿੱਚ ਕਿਸ਼ਤੀ ਵਿੱਚੋਂ ਅੱਗ ਦੀਆਂ ਲਪਟਾਂ ਅਤੇ ਧੂੰਆਂ ਉਠਦਾ ਦੇਖਿਆ ਜਾ ਸਕਦਾ ਹੈ। ਇਸ ਵਿੱਚ ਸਟਰੈਚਰ ਉੱਤੇਜ਼ਖਮੀ ਲੋਕਾਂ ਨੂੰ ਐਂਬੂਲੈਂਸ ਵਿੱਚ ਲਿਜਾਂਦੇ ਹੋਏ ਅਤੇ ਇੱਕ ਬਚਾਅ ਕਰਮਚਾਰੀ ਨੂੰ ਬੇਹੋਸ਼ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਦੇਖਿਆ ਜਾਂਦਾ ਹੈ। ਨੇਵੀ ਅਧਿਕਾਰੀ ਨੇ ਦੱਸਿਆ ਕਿ ਸਮੁੰਦਰੀ ਜਹਾਜ਼ ਮਰਕਰਾਫ਼ਟ-2 ਸਥਾਨਕ ਸਮੇਂ ਅਨੁਸਾਰ ਸਵੇਰੇ ਪੰਜ ਵਜੇ ਸੂਬੇ ਦੇ ਇੱਕ ਟਾਪੂ ਸ਼ਹਿਰ ਪੋਲੀਲੋ ਤੋਂ ਰਵਾਨਾ ਹੋਇਆ, ਉਸ ਨੂੰ ਰੀਅਲ ਟਾਊਨ ਦੀ ਇੱਕ ਬੰਦਰਗਾਹ ਉੱਤੇ ਪਹੁੰਚਣ ਤੋਂ ਲੱਗਭਗ 900 ਮੀਟਰ ਪਹਿਲਾਂ ਅੱਗ ਲੱਗ ਗਈ। ਬਾਲੀਲੋ ਨੇ ਕਿਹਾ ਕਿ ਬਚਾਅ ਮੁਹਿੰਮ ਜਾਰੀ ਹੈ' ਉਨ੍ਹਾਂ ਨੇ ਕਿਹਾਕਿ ਘੱਟੋ-ਘੱਟ ਛੇ ਯਾਤਰੀਆਂ ਦਾ ਸਥਾਨਕ ਹਸਪਤਾਲ 'ਚ ਇਲਾਜ ਕੀਤਾ ਜਾ ਰਿਹਾ ਹੈ।

# ਅਲਬਾਨੀਸ ਨੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

ਕੇਨਬਰਾ, 24 ਮਈ (ਪੋਸਟ ਬਿਊਰੋ)- ਐਂਥਨੀ ਅਲਬਾਨੀਸ ਨੇ ਕੱਲ੍ਹ ਆਸਟ੍ਰੇਲੀਆ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ, ਜਿਸ ਤੋਂ ਬਾਅਦ ਉਹ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਹੋਣ ਵਾਲੇ ਕਵਾਡ ਸ਼ਿਖਰ ਸੰਮੇਲਨ ਲਈ ਰਵਾਨਾ ਹੋ ਗਏ।ਉਂਜ ਆਸਟ੍ਰੇਲੀਆ ਵਿੱਚ ਅਜੇ ਵੋਟਾਂ ਦੀ ਗਿਣਤੀ ਜਾਰੀ ਹੈ, ਜਿਸ ਤੋਂਸਾਫ ਹੋਵੇਗਾ ਕਿ ਅਲਬਾਨੀਸ ਜਲਵਾਯੂ ਤਬਦੀਲੀ ਖ਼ਿਲਾਫ਼ ਸਖ਼ਤ ਕਾਰਵਾਈ ਦੇ ਸੱਦਾ ਵਾਲੀਪਾਰਲੀਮੈਂਟ ਵਿੱਚ ਪੂਰਨ



ਬਹੁਮਤ ਲੈ ਸਕਣਗੇ ਜਾਂ ਨਹੀਂ।

ਅਲਬਾਨੀਸ ਦੀ ਲੇਬਰ ਪਾਰਟੀ ਨੇ ਐਤਵਾਰ ਹੋਈਆਂ ਚੋਣਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਦੀ ਅਗਵਾਈ ਵਾਲੇ ਕੰਜਰਵੇਟਿਵ ਗਠਜੋੜ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਹੈ। ਇਸ ਗਠਜੋੜ ਦੇ ਤਹਿਤ ਪਿਛਲੇ 9 ਸਾਲ ਤੋਂ ਤਿੰਨ ਪ੍ਰਧਾਨ ਮੰਤਰੀ ਸੱਤਾ ਵਿੱਚ ਰਹੇ।ਸਹੁੰ ਚੁੱਕਣ ਲਈ ਰਾਜਧਾਨੀ ਕੇਨਬਰਾ ਰਵਾਨਾ ਹੋਣ ਤੋਂ ਪਹਿਲਾਂ ਅਲਬਾਨੀਸ ਨੇ ਆਪਣੇ ਗ੍ਰਹਿਨਗਰ ਸਿਡਨੀ ਵਿੱਚ ਕਿਹਾ ਕਿ ਮੈਂ ਇਹੋ ਜਿਹੀ ਸਰਕਾਰ ਦੀ ਅਗਵਾਈ ਕਰਨਾ ਚਾਹੁੰਦਾ ਹਾਂ, ਜਿਸ ਵਿੱਚ ਆਸ਼ਾਵਾਦ ਅਤੇ ਉਮੀਦ ਦੀ ਉਹੀ ਭਾਵਨਾ ਹੋਵੇ, ਜੋ ਆਸਟ੍ਰੇਲੀਆਈ ਲੋਕਾਂ ਨੂੰ ਪਰਿਭਾਸ਼ਤ ਕਰਦੀ ਹੈ।

# ਇੰਗਲੈਂਡ ਤੋਂ ਰਿਸ਼ਤੇਦਾਰ ਬੋਲਦਾ ਕਹਿ ਕੇ ਦੋ ਲੱਖ ਰੁਪਏ ਠੱਗ ਲਏ

ਫਗਵਾੜਾ, 24 ਮਈ (ਪੋਸਟ ਬਿਊਰੋ)- ਫਗਵਾੜਾ ਦੇ ਹਦੀਆਬਾਦ ਇਲਾਕੇ ਵਿੱਚ ਇੱਕ ਠੱਗ ਨੇ ਪੀੜਤ ਨੂੰ ਆਪਣਾ ਰਿਸ਼ਤੇਦਾਰ ਦੱਸ ਕੇ ਉਸ ਕੋਲੋਂ ਦੋ ਲੱਖ ਰੁਪਏ ਠੱਗ ਲਏ। ਪੀੜਤ ਵਿਮਲ ਕੁਮਾਰ ਨੇ ਦੱਸਿਆ ਕਿ ਪਰਸੋਂ ਉਨ੍ਹਾਂ ਨੂੰ ਯੂ ਕੇ ਇੰਗਲੈਂਡ ਦੇ ਨੰਬਰ ਤੋਂ ਫੋਨ ਆਇਆ ਕਿ ਮੈਂ ਤੁਹਾਡਾ ਰਿਸ਼ਤੇਦਾਰ ਬੋਲ ਰਿਹਾ ਹਾਂ। ਵਿਮਲ ਨੇ ਕਿਹਾ ਕਿ ਕੀ ਉਹ ਮੇਰੇ ਸਾਂਢੂ ਦਾ ਦੋਸਤ ਬੋਲਦਾ ਹੈ ਤਾਂ ਠੱਗ ਬੋਲਿਆ ਕਿ ਹਾਂ ਮੈਂ ਸਾਂਢੂ ਦਾ ਦੋਸਤ ਬੋਲਦਾ ਹਾਂ। ਉਸ ਨੇ ਕਿਹਾ ਕਿ ਉਹ ਇੰਡੀਆ ਆ ਰਿਹਾ ਹੈ। ਕੁਝ ਪੈਸੇ ਭੇਜਣੇ ਹਨ। ਆਪਣਾ ਖਾਤਾ ਨੰਬਰ ਭੇਜ ਦਿਓ। ਇਸ ਉੱਤੇ ਵਿਮਲ ਨੇ ਖਾਤਾ ਨੰਬਰ ਉਸ ਨੂੰ ਭੇਜ ਦਿੱਤਾ। ਠੱਗ ਨੇ 23 ਲੱਖ ਰੁਪਏ ਜਮ੍ਹਾ ਕਰਨ ਦੀ ਜਾਅਲੀ ਰਸੀਦ ਉਸ ਨੂੰ ਭੇਜ ਦਿੱਤੀ। ਪੀੜਤ ਨੇ ਬੈਂਕ ਜਾ ਕੇ ਪਤਾ ਕੀਤਾ ਤਾਂ ਖਾਤੇ ਵਿੱਚ ਕੋਈ ਪੈਸਾ ਨਹੀਂ ਸੀ। ਠੱਗ ਦਾ ਫਿਰ ਫੋਨ ਆਇਆ ਕਿ ਪੈਸੇ ਆਉਣ ਵਿੱਚ ਦੇਰ ਲੱਗੇਗੀ। ਤੁਸੀਂ ਇੰਝ ਕਰੋ ਕਿ ਤੁਸੀਂ ਦੋ ਲੱਖ ਰੁਪਏ ਮੈਨੂੰ ਭੇਜ ਦਿਓ।ਉਨ੍ਹਾਂ ਦੱਸਿਆ ਕਿ ਡੇਢ ਲੱਖ ਰੁਪਏ ਉਸ ਨੇ ਆਪਣੇ ਦੋਸਤ ਕੋਲੋਂ ਫੜ ਕੇ ਉਸ ਨੂੰ ਭੇਜ ਦਿੱਤੇ ਤੇ ਪੰਜਾਹ ਹਜ਼ਾਰ ਰੁਪਏ ਆਪਣੀ ਬੇਟੀ ਦੇ ਖਾਤੇ ਵਿੱਚੋਂ ਉਸ ਨੂੰ ਟਰਾਂਸਫਰ ਕੀਤੇ। ਇਸ ਪਿੱਛੋਂ ਜਦ ਉਸ ਨੂੰ ਫੋਨ ਕੀਤਾ ਤਾਂ ਠੱਗ ਨੇ ਫੋਨ ਨਹੀਂ ਚੁੱਕਿਆ।

# ਮੱਛੀਆਂ ਦੇ ਸਰੀਰ ਵਿੱਚੋਂ ਪਲਾਸਟਿਕ ਦੇ ਕਣ ਮਿਲਣ ’ਤੇ ਹੈਰਾਨੀ

ਗੜ੍ਹਵਾਲ, 24 ਮਈ (ਪੋਸਟ ਬਿਊਰੋ)- ਮਨੁੱਖ ਵੱਲੋਂ ਵਰਤੇ ਜਾਂਦੇ ਖਤਰਨਾਕ ਪਲਾਸਟਿਕ ਦੇ ਪ੍ਰਭਾਵ ਤੋਂ ਨਦੀਆਂ ਵਿੱਚ ਮੱਛੀਆਂ ਵੀ ਨਹੀਂ ਬਚ ਸਕੀਆਂ। ਮੱਛੀਆਂ ਦੇ ਸਰੀਰ ਵਿੱਚ ਵੀ ਪਲਾਸਟਿਕ ਦੇ ਕਣ ਮਿਲ ਰਹੇ ਹਨ। ਪਾਲਤੂ ਪਸ਼ੂਆਂ ਸਮੇਤ ਹੋਰ ਜਾਨਵਰਾਂ ਦੇ ਸਰੀਰ ਵਿੱਚ ਜ਼ਹਿਰੀਲੇ ਪਲਾਸਟਿਕ ਦੀ ਮੌਜੂਦਗੀ ਆਮ ਗੱਲ ਮੰਨੀ ਜਾਣ ਲੱਗੀ ਹੈ ਪਰ ਨਦੀਆਂ ਵਿੱਚ ਮੱਛੀਆਂ ਦੇ ਢਿੱਡ ਵਿੱਚ ਪਲਾ-ਸਟਿਕ ਦੇ ਕਣ ਮਿਲਣ ਤੋਂ ਵਿਗਿਆਨੀ ਹੈਰਾਨੀ ਵਿੱਚ ਹਨ।



ਉਤਰਾਖੰਡ ਦੇ ਪੌੜੀ ਜ਼ਿਲ੍ਹੇ ਤੋਂ ਹੋ ਕੇ ਵਗਦੀ ਪ੍ਰਮੁੱਖ ਨਦੀ ਅਲਕਨੰਦਾ ਵਿੱਚ ਮੱਛੀਆਂ ਦੇ ਢਿੱਡ ਵਿੱਚ ਹਾਨੀਕਾਰਕ ਪੌਲੀਮਰ ਦੇ ਟੁੱਕੜੇ ਅਤੇ ਮਾਈਕ੍ਰੋ-ਪਲਾਸਟਿਕ ਸਮੇਤ ਨਾਈਲੋਨ ਦੇ ਸੂਖਮ ਕਣ ਮਿਲਣ ਦਾ ਪ੍ਰਗਟਾਵਾ ਹੇਮਵਤੀ ਨੰਦਨ ਬਹੁਗੁਣਾ ਗੜ੍ਹਵਾਲ ਯੂਨੀਵਰਸਿਟੀ ਦੇ ਹਿਮਾਲਿਆ ਐਕਆਟਿਕ ਜੈਵ ਵਿਭਿੰਨਤਾ ਵਿਭਾਗ ਦੀ ਖੋਜ ਤੋਂ ਹੋਇਆ ਹੈ। ਇਹ ਪਲਾ-ਸਟਿਕ ਦੇ ਕਣ ਮੱਛੀਆਂ ਦੇ ਨਾਲ ਹੀ ਮਾਸਾਹਾਰੀ ਮਨੁੱਖਾਂ ਲਈ ਵੀ ਹਾਨੀਕਾਰਕ ਸਾਬਤ ਹੋ ਸਕਦੇ ਹਨ। ਵਿਭਾਗ ਦੇ ਮੁਖੀ ਨੇ ਦੱਸਿਆ ਕਿ ਉਹ ਆਪਣੀ ਖੋਜੀ ਟੀਮ ਨਾਲ ਪਿਛਲੇ ਕਈ ਮਹੀਨਿਆਂ ਤੋਂ ਅਲਕਨੰਦਾ ਦੀਆਂ ਮੱਛੀਆਂ ਉੱਤੇਖੋਜ ਕਰ ਰਹੇ ਹਨ। ਇਸ ਦੌਰਾਨ ਮੱਛੀਆਂ ਦੇ ਸਰੀਰ ਵਿੱਚ ਪਲਾਸਟਿਕ ਪਦਾਰਥਾਂ ਦੇ ਛੋਟੇ ਕਣਾਂ ਅਤੇ ਰੇਸ਼ਿਆਂ ਦੀ ਮੌਜੂਦਗੀ ਪਤਾ ਲੱਗੀ ਹੈ। ਇਸ ਦੀ ਪੁਸ਼ਟੀ ਹੋਣ ਮਗਰੋਂ ਨਮੂਨਿਆਂ ਨੂੰ ਵਿਸ਼ਲੇਸ਼ਣ ਲਈ ਆਈ ਆਈ ਟੀ ਰੂੜਕੀ ਅਤੇ ਚੰਡੀਗੜ੍ਹ ਦੀਆਂ ਸੰਸਥਾਵਾਂ ਨੂੰ ਭੇਜਿਆ ਗਿਆ।ਡਾ. ਸਿੰਘ ਨੇ ਚਿੰਤਾ ਪ੍ਰਗਟਾਈ ਕਿ ਜੇ ਪਹਾੜਾਂ ਦੀਆਂ ਮੱਛੀਆਂ ਦੀ ਸਥਿਤੀ ਇਹ ਹੈ ਤਾਂ ਮੈਦਾਨੀ ਖੇਤਰਾਂ ਦੀ ਸਥਿਤੀ ਇਸ ਤੋਂ ਵੱਧ ਖਤਰਨਾਕ ਹੋ ਸਕਦੀ ਹੈ, ਜਿੱਥੇ ਵੱਡੇ ਪੱਧਰ ਉੱਤੇ ਪਲਾਸਟਿਕ ਅਤੇ ਹੋਰ ਰਹਿੰਦ-ਖੂੰਹਦ ਸਿੱਧੀ ਨਦੀਆਂ ਵਿੱਚਸੁੱਟੀ ਜਾਂਦੀ ਹੈ। ਇਨ੍ਹਾਂ ਮੱਛੀਆਂ ਨੂੰ ਖਾਣ ਵਾਲੇ ਮਨੁੱਖਾਂ ਦੇ ਸਰੀਰ ਵਿੱਚ ਇਹ ਕਣ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਖੋਜ ਦਾ ਘੇਰਾ ਵਧਾ ਦਿੱਤਾ ਗਿਆ ਹੈ। ਗੰਗਾ ਸਮੇਤ ਹੋਰ ਨਦੀਆਂ ਦੀਆਂ ਮੱਛੀਆਂ ਉੱਤੇ ਵੀ ਅਧਿਐਨ ਕੀਤਾ ਜਾਵੇਗਾ। ਇਸ ਵਿੱਚ ਪਹਾੜੀ ਦੇ ਨਾਲ ਹੀ ਮੈਦਾਨੀ ਖੇਤਰ ਦੀ ਨਦੀਆਂ ਵੀ ਸ਼ਾਮਲ ਹਨ।

# ਹਰਿਆਣੇ ਵਿੱਚ 28 ਨਗਰ ਪਾਲਿਕਾ ਤੇ 18 ਕੌਂਸਲਾਂ ਦੀਆਂ ਚੋਣਾਂ 19 ਨੂੰ



ਚੰਡੀਗੜ੍ਹ, 24 ਮਈ (ਪੋਸਟ ਬਿਊਰੋ)- ਹਰਿਆਣੇ ਵਿੱਚ 28 ਨਗਰ ਪਾਲਿਕਾਵਾਂ ਤੇ 18 ਨਗਰ ਕੌਂਸਲਾਂ ਦੀਆਂ ਚੋਣਾਂ ਦਾ ਬਿਗੁਲ ਵੱਜ ਗਿਆ ਹੈ। ਕੱਲ੍ਹ ਚੋਣਾਂ ਦਾ ਐਲਾਨ ਕਰਦਿਆਂ ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਅਦਾਰਿਆਂ ਲਈ 19 ਜੂਨ ਨੂੰ ਵੋਟਾਂ ਪੈਣਗੀਆਂ। 22 ਜੂਨ ਨੂੰ ਨਤੀਜੇ ਐਲਾਨੇ ਜਾਣਗੇ।

ਚੋਣਾਂ ਦੇ ਐਲਾਨ ਦੇ ਨਾਲ ਹੀ ਇਨ੍ਹਾਂ ਨਗਰ ਪਾਲਿਕਾਵਾਂ ਤੇ ਨਗਰ ਕੌਂਸਲਾਂ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਉਮੀਦਵਾਰਾਂ ਵੱਲੋਂ 30 ਮਈ ਤੋਂ 4 ਜੂਨ ਤਕ ਸਵੇਰੇ 11 ਵਜੇ ਤੋਂ ਦੁਪਹਿਰੇ ਤਿੰਨ ਵਜੇ ਤਕ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾਂ ਸਕਣਗੇ। 2 ਜੂਨ ਨੂੰ ਛੁੱਟੀ ਵਾਲੇ ਦਿਨ ਕਾਗਜ਼ ਦਾਖ਼ਲ ਨਹੀਂ ਹੋਣਗੇ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 6 ਜੂਨ ਨੂੰ ਹੋਵੇਗੀ। ਉਮੀਦਵਾਰ 7 ਜੂਨ ਨੂੰ ਸਵੇਰੇ ਨਾਮਜ਼ਦਗੀ ਪੱਤਰ ਵਾਪਸ ਲੈ ਸਕਦੇ ਹਨ। ਇਸੇ ਦਿਨ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਜਾਣਗੇ। ਵੋਟਾਂ 19 ਜੂਨ ਨੂੰ ਸਵੇਰੇ ਸੱਤ ਵਜੇ ਤੋਂ ਸ਼ਾਮ ਛੇ ਵਜੇ ਤਕ ਪੈਣਗੀਆਂ।ਪਹਿਲਾਂ ਵੋਟਾਂ ਪੈਣ ਦਾ ਸਮਾਂ ਸ਼ਾਮ ਪੰਜ ਵਜੇ ਤਕ ਸੀ, ਪਰ ਇਸ ਵਾਰ ਗਰਮੀਨੂੰ ਦੇਖਦੇ ਹੋਏ ਪੋਲਿੰਗ ਦਾ ਸਮਾਂ ਇੱਕ ਘੰਟਾ ਵਧਾ ਦਿੱਤਾ ਗਿਆ ਹੈ।ਲੋੜ ਪਈ ਤਾਂ 21 ਜੂਨ ਨੂੰ ਮੁੜ ਪੋਲਿੰਗ ਕਰਵਾਈ ਜਾ ਸਕਦੀ ਹੈ। ਫਰੀਦਾਬਾਦ ਨਗਰ ਨਿਗਮ ਤੇ ਤਿੰਨ ਨਗਰ ਪਾਲਿਕਾਵਾਂ ਦੀਆਂ ਚੋਣਾਂ ਬਾਅਦ ਵਿੱਚ ਕਰਾਈਆਂ ਜਾਣਗੀਆਂ ਕਿਉਂਕਿ ਵੋਟਰ ਸੂਚੀ ਦੀ ਸੁਧਾਈ ਦਾ ਕੰਮ ਜਾਰੀ ਹੈ।

# ਗੰਗਾ ਵਿੱਚ ਕਿਸ਼ਤੀ ਡੁੱਬਣ ਨਾਲ ਚਾਰ ਜਣਿਆਂ ਦੀ ਮੌਤ



ਵਾਰਾਣਸੀ, 24 ਮਈ (ਪੋਸਟ ਬਿਊਰੋ)- ਵਾਰਾਣਸੀ ਵਿੱਚ ਕੱਲ੍ਹ ਗੰਗਾ ਨਦੀ ਵਿੱਚ ਕਿਸ਼ਤੀ ਡੁੱਬਣ ਕਾਰਨ ਉਸ ਵਿੱਚ ਸਵਾਰ ਛੇ ਵਿੱਚੋਂ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਭੇਲੂਪੁਰ ਥਾਣਾ ਖੇਤਰ ਵਿੱਚ ਗੰਗਾ ਨਦੀ ਉੱਤੇ ਪ੍ਰਭੂ ਘਾਟ ਨੇੜੇ ਹੋਏ ਇਸ ਹਾਦਸੇ ਵਿੱਚ ਦੋ ਕਿਸ਼ਤੀ ਸਵਾਰਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ।

ਇਸ ਘਟਨਾ ਵਿੱਚ ਫਿਰੋਜਾਬਾਦ ਜ਼ਿਲ੍ਹੇ ਦੇ ਟੂੰਡਲਾ ਵਾਸੀ ਅਨਸ (20 ਸਾਲ), ਸੰਜੇ (36 ਸਾਲ) ਤੇ ਇਮਾਮੂਦੀਨ (30 ਸਾਲ) ਅਤੇ ਕਿਸ਼ਤੀ ਚਾਲਕ ਸਨੀ (30 ਸਾਲ) ਦੀ ਪਾਣੀ ਵਿੱਚ ਡੁੱਬਣ ਨਾਲ ਮੌਤ ਹੋ ਗਈ, ਜਦਕਿ ਕੇਸ਼ਵ (32) ਅਤੇ ਪਵਨ (27 ਸਾਲ) ਵਾਸੀ ਫਿਰੋਜਾਬਾਦ ਨੂੰ ਸੁਰੱਖਿਅਤ ਬਚਾਅ ਲਿਆ ਗਿਆ ਹੈ।ਨੈਸ਼ਨਲ ਡਿਜਾਸਟਰ ਰਿਸਪਾਂਸ ਫੋਰਸ (ਐਨ ਡੀ ਆਰ ਐਫ) ਅਤੇ ਲੋਕਲ ਪੁਲਸ ਨੇ ਰਾਹਤ ਅਤੇ ਬਚਾਅ ਕਾਰਜ ਤੇਜ਼ ਕਰ ਦਿੱਤੇਸਨ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇਸ ਹਾਦਸੇ ਵਿੱਚ ਜਾਨੀ ਨੁਕਸਾਨ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਮ੍ਰਿਤਕਾਂ ਦੇ ਦੁਖੀ ਪਰਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਪੀੜਤ ਪਰਵਾਰਾਂ ਨੂੰ 2-2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਅਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਹਰ ਮਦਦ ਦੇਣ ਦੇ ਨਿਰਦੇਸ਼ ਦਿੱਤੇ ਹਨ।

# ਸਟੇਜ ਦੀਆਂ ਪੌੜੀਆਂ ਤੋਂ ਡਿੱਗ ਕੇ ਲਾੜਾ ਬੇਹੋਸ਼, ਵਿੱਗ ਵੇਖ ਕੇ ਲਾੜੀ ਨੇ ਵਿਆਹ ਤੋਂ ਸਿਰ ਫੇਰਿਆ

ਕਾਨਪੁਰ, 24 ਮਈ (ਪੋਸਟ ਬਿਊਰੋ)- ਬਾਲੀਵੁੱਡ ਐਕਟਰ ਆਯੁਸ਼ਮਾਨ ਖੁਰਾਣਾ ਅਤੇ ਭੂਮੀ ਪੇਡਨੇਕਰ ਦੀ ਫਿਲਮ ‘ਬਾਲਾ' ਵਰਗੀ ਕਹਾਣੀ ਉਤਰ ਪ੍ਰਦੇਸ਼ ਦੇ ਉਨਾਵ ਵਿੱਚ ਸਾਹਮਣੇ ਆਈ ਹੈ। ਇਸ ਰੀਅਲ ਲਾਈਫ ਸਟੋਰੀ ਵਿੱਚ ਜੈਮਾਲਾ ਦੇ ਬਾਅਦ ਲਾੜੀ ਨੂੰ ਪਤਾ ਲੱਗਾ ਕਿ ਲਾੜੇ ਦੇ ਵਾਲ ਨਕਲੀ ਹਨ। ਇਸ ਪਿੱਛੋਂ ਲੜਕੀ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ ਵਿਆਹ ਸਮਾਰੋਹ ਵਿੱਚ ਦੋਵਾਂ ਧਿਰਾਂ ਵਿੱਚ ਵਿਵਾਦ ਸ਼ੁਰੂ ਹੋ ਗਿਆ।





ਇਹ ਮਾਮਲਾ ਉਨ੍ਹਾਵ ਜ਼ਿਲ੍ਹੇ ਦੀ ਸਫੀਪੁਰ ਕੋਤਵਾਲੀ ਇਲਾਕੇ ਦੇ ਇੱਕ ਪਿੰਡ ਦਾ ਹੈ। ਇੱਥੇ ਰਹਿੰਦੇ ਇੱਕ ਪਰਵਾਰ ਦੀ ਬੇਟੀ ਅਕਸ਼ਰਾ (ਨਕਲੀ ਨਾਂਅ) ਦਾ ਰਿਸ਼ਤਾ ਕਾਨਪੁਰ ਦੇ ਰਾਹੁਲ (ਨਕਲੀ ਨਾਂਅ) ਨਾਲ ਹੋਇਆ ਸੀ। ਦੋਵਾਂ ਪਰਵਾਰਾਂ ਵਿੱਚ ਵਿਆਹ ਦੀ ਤਰੀਕ 20 ਮਈ ਤੈਅ ਹੋਈ।ਇਸ ਪਿੱਛੋਂ ਪਿੰਡ ਵਿੱਚ ਤੈਅ ਸਮੇਂ ਉੱਤੇ ਬਾਰਾਤ ਪਹੁੰਚ ਗਈ। ਜੈਮਾਲਾ ਦਾ ਪ੍ਰੋਗਰਾਮ ਸ਼ੁਰੂ ਹੋਇਆ ਤਾਂ ਇਸ ਦੇ ਲਈ ਗੋਲ-ਗੋਲ ਚੱਕਰ ਲਾ ਕੇ ਘੁੰਮਣ ਵਾਲੀ ਸਟੇਜ ਮੰਗਵਾਈ ਗਈ। ਇਸ ਦੇ ਬਾਅਦ ਉਸੇ ਸਟੇਜ ਦੀਆਂ ਪੌੜੀਆਂ ਤੋਂ ਉਤਰਦੇ ਸਮੇਂ ਲਾੜੇ ਨੂੰ ਅਚਾਨਕ ਚੱਕਰ ਆ ਗਿਆ ਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਉਥੇ ਮੌਜੂਦ ਲੋਕਾਂ ਨੇ ਉਸ ਨੂੰ ਸੰਭਾਲਿਆ ਅਤੇ ਜ਼ਮੀਨ ਉੱਤੇ ਲਿਟਾ ਦਿੱਤਾ।ਇੱਕ ਚਰਚਾ ਇਹ ਸੀ ਕਿ ਮਿਰਗੀ ਦਾ ਦੌਰਾ ਆਉਣ ਦੇ ਬਾਅਦ ਲਾੜਾ ਗਸ਼ ਖਾ ਕੇ ਡਿੱਗਾ ਹੈ। ਕੋਈ ਕਹਿ ਰਿਹਾ ਸੀ ਕਿ ਗੋਲ ਘੁੰਮਣ ਵਾਲੀ ਸਟੇਜ ਕਾਰਨ ਚੱਕਰ ਆ ਗਏ ਹਨ। ਲਾੜੀ ਦੇ ਭਰਾ ਲਾੜੇ ਦੇ ਚਿਹਰੇ ਉੱਤੇ ਪਾਣੀ ਦੇ ਛਿੱਟੇ ਮਾਰਨ ਤੇ ਲਾੜੇ ਦੇ ਸਿਰ ਉੱਤੇ ਹੱਥ ਫੇਰਨ ਲੱਗੇ ਤਾਂ ਉਸ ਦਾ ਹੇਅਰ ਵਿੱਗ (ਨਕਲੀ ਵਾਲ) ਨਿਕਲ ਕੇ ਡਿੱਗ ਗਿਆ। ਇਹ ਦੇਖ ਕੇ ਉਥੇ ਮੌਜੂਦ ਲੋਕ ਹੈਰਾਨ ਰਹਿ ਗਏ।ਲਾੜੀ ਨੇ ਜਦ ਆਪਣੇ ਹੋਣ ਵਾਲੇ ਪਤੀ ਨੂੰ ਗੰਜਾ ਦੇਖਿਆ ਤਾਂ ਬੁਰੀ ਤਰ੍ਹਾਂ ਭੜਕ ਗਈ। ਉਸ ਨੇ ਲੜਕੇ ਵਾਲਿਆਂ ਉੱਤੇ ਜ਼ੋਰ-ਜ਼ੋਰ ਨਾਲ ਚੀਕਦੇ ਹੋਏ ਧੋਖਾ ਦੇਣ ਦਾ ਦੋਸ਼ ਲਾਇਆ ਅਤੇ ਲਾਵਾਂ ਲੈਣ ਤੋਂ ਮਨ੍ਹਾ ਕਰ ਦਿੱਤਾ। ਕੁਝ ਲੋਕਾਂ ਨੇ ਲਾੜੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਿਸੇ ਸੂਰਤ ਵਿੱਚ ਅਧੂਰੇ ਵਿਆਹ ਨੂੰ ਪੂਰਾ ਕਰਨ ਲਈ ਤਿਆਰ ਨਹੀਂ ਹੋਈ।ਇਸ ਦੇ ਬਾਅਦ ਸਮਝੌਤੇ ਵਿੱਚ ਲੜਕੇ ਪੱਖ ਨੇ ਵਿਆਹ ਵਿੱਚ ਖਰਚ ਹੋਏ ਲੜਕੀ ਵਾਲਿਆਂ ਦੇ ਪੈਸੇ ਦੇਣ ਦੀ ਗੱਲ ਮੰਨੀ। ਪੰਜ ਲੱਖ 60 ਹਜ਼ਾਰ ਰੁਪਏ ਵਸੂਲਣ ਪਿੱਛੋਂ ਲੜਕੀ ਦੇ ਪਰਵਾਰ ਵਾਲੇ ਮੰਨੇ ਤੇ ਲਾੜੇ ਖਿਲਾਫ ਕੋਈ ਕੇਸ ਦਰਜ ਨਹੀਂ ਕਰਾਇਆ ਅਤੇ ਬਾਰਾਤ ਬਿਨਾਂ ਦੁਲਹਨ ਦੇ ਮੁੜ ਗਈ।ਲੜਕੀ ਵਾਲਿਆਂ ਨੇ ਧੋਖੇ ਦੀ ਗੱਲ ਕਹਿੰਦੇ ਹੋਏ ਲਾੜੇ ਸਮੇਤ ਉਸ ਦੇ ਪਿਤਾ ਨੂੰ ਬੰਧਕ ਬਣਾ ਲਿਆ। ਇਹ ਪੂਰਾ ਵਾਦ-ਵਿਵਾਦ ਦੇਰ ਰਾਤ ਤੋਂ ਅਗਲੀ ਸਵੇਰ ਤਕ ਚਲਦਾ ਰਿਹਾ, ਜਿਸ ਦੇ ਬਾਅਦ ਕਿਸੇ ਨੇ ਸਥਾਨਕ ਪੁਲਸ ਨੂੰ ਸੂਚਨਾ ਦਿੱਤੀ।

# ਔਰਤ ਨੇ ਘਰ ਵਿੱਚ 400 ਜ਼ਹਿਰੀਲੀਆਂ ਮੱਕੜੀਆਂ ਪਾਲ ਲਈਆਂ



ਲੰਡਨ, 24 ਮਈ (ਪੋਸਟ ਬਿਊਰੋ)- ਬ੍ਰਿਟੇਨ ਦੀ ਬੇਥਨੀ ਸਟੈਪਲਸ ਨਾਂਅ ਦੀ ਔਰਤ ਨੇ ਆਪਣੇ ਘਰ ਵਿੱਚ 400 ਬੇਹੱਦ ਜ਼ਹਿਰੀਲੀਆਂ ਅਤੇ ਖਤਰਨਾਕ ਮੱਕੜੀਆਂ ਨੂੰ ਜਗ੍ਹਾ ਦਿੱਤੀ ਹੈ। ਇਸ ਕਾਰਨ ਉਸਦੇ ਦੋਸਤਾਂ ਨੇ ਉਸ ਦੇ ਘਰ ਆਉਣਾ ਬੰਦ ਕਰ ਦਿੱਤਾ। 28 ਸਾਲਾ ਔਰਤ ਦਾ ਕਹਿਣਾ ਹੈ ਕਿ ਜ਼ਿਆਦਾਤਰ ਲੋਕ ਉਸ ਦੇ ਘਰ ਨਹੀਂ ਆਉਂਦੇ।

ਮੱਕੜੀਆਂ ਨੇ ਪੂਰੇ ਘਰ ਉੱਤੇ ਕਬਜ਼ਾ ਕਰ ਲਿਆ ਹੈ ਅਤੇ ਬੈਥਨੀ ਨੇ ਆਪਣੇ ਖਾਲੀ ਕਮਰੇ ਵਿੱਚ 150 ਬਾਲਗ ਮੱਕੜੀਆਂ ਅਤੇ 250 ਬੱਚੇ ਰੱਖੇ ਹਨ, ਜਿਸ ਵਿੱਚ ਥਾਈਲੈਂਡ ਦੇ ਟਾਰੈਂਟੁਲਾ ਵਾਂਗ ਕਈ ਜ਼ਹਿਰੀਲੀਆਂ ਕਿਸਮਾਂ ਸ਼ਾਮਲ ਹਨ। ਖਬਰ ਮੁਤਾਬਕ ਬੈਥਨੀ ਨੇ ਮੱਕੜੀਆਂ ਦੇ ਡਰ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਪਾਲਣਾ ਸ਼ੁਰੂ ਕੀਤਾ। ਉਸਦਾ ਕਹਿਣਾ ਹੈ ਕਿ ਇਸ ਸ਼ੌਕ ਨੇ ਉਸ ਦਾ ਡਰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ। ਬੈਥਨੀ ਨੇ ਕਿਹਾ ਕਿ ਇਹ ਸ਼ੌਕ ਇੱਕ ਤਰ੍ਹਾਂ ਦਾ ਨਸ਼ਾ ਹੈ ਕਿਉਂਕਿ ਮੱਕੜੀਆਂ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਬੈਥਨੀ ਨੇ 2020 ਵਿੱਚ ਪਹਿਲੀ ਵਾਰ ਮੱਕੜੀਆਂ ਨੂੰ ਫੜਨਾ ਸ਼ੁਰੂ ਕੀਤਾ ਅਤੇ ਪਿਛਲੇ ਸਾਲ ਪ੍ਰਜਨਣ ਸ਼ੁਰੂ ਕੀਤਾ। ਬੈਥਨੀ ਇੱਛੂ, ਕਿਰਲੀ, ਮਿੱਲੀਪੀਡਜ਼ ਤੇ ਕੁੱਤੇ ਵੀ ਪਾਲਦੀ ਹੈ।



# ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ ਦਾ ਸੁਧਾਰ ਕੀਤਾ ਜਾਵੇਗਾ - ਅਸ਼ੋਕ ਪਰਾਸ਼ਰ ਪੱਪੀ

## * ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਨਾਂ ਦੇ ਜੱਦੀ ਘਰ ਪਿੰਡ ਸਰਾਭਾ ਵਿਖੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ *ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ'ਤੇ ਰੱਖਣ ਦੀ ਤਜਵੀਜ਼

ਸਰਾਭਾ(ਲੁਧਿਆਣਾ), 24 ਮਈ (ਗਿਆਨ ਸਿੰਘ)- ਸਾਡੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਹਾੜੇ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਹਲਕਾ ਲੁਧਿਆਣਾ ਕੇਂਦਰੀ ਤੋਂ ਵਿਧਾਇਕ ਸ੍ਰੀ ਅਸ਼ੋਕ ਪਰਾਸ਼ਰ ਪੱਪੀ ਅਤੇ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਐਸ.ਡੀ.ਐਮ. ਸ੍ਰੀ ਜਗਦੀਪ ਸਹਿਗਲ ਵੱਲੋਂ ਅੱਜ ਲੁਧਿਆਣਾ ਦੇ ਨੇੜਲੇ ਪਿੰਡ ਸਰਾਭਾ ਵਿਖੇ ਮਹਾਨ ਸ਼ਹੀਦ ਨੂੰ ਉਨਾਂ ਦੇ ਜੱਦੀ ਘਰ ਜਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਉਨਾਂ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਿੱਖਿਆ ਸ਼ਾਸਤਰੀ ਡਾ.ਕੇ.ਐਨ.ਐਸ. ਕੰਗ ਵੀ ਮੌਜੂਦ ਸਨ।

ਵਿਧਾਇਕ ਪੱਪੀ ਵੱਲੋਂ ਨਾ ਸਿਰਫ਼ ਪਿੰਡ ਸਰਾਭਾ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਦਾ ਦੌਰਾ ਕੀਤਾ, ਸਗੋਂ ਆਜ਼ਾਦੀ ਸੰਗਰਾਮ ਦੇ ਮਹਾਨ ਸ਼ਹੀਦ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਪੱਪੀ ਨੇ ਕਿਹਾ ਕਿ ਮੁੱਲਾਂਪੁਰ ਦਾਖਾ ਵਿਖੇ ਬੱਸ ਸਟੈਂਡ ਦਾ ਨਾਂ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਿਆ ਜਾ ਚੁੱਕਾ ਹੈ, ਇਸ ਤੋਂ ਇਲਾਵਾ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੀ ਜਲਦ ਹੀ ਕੇਂਦਰ ਸਰਕਾਰ ਨੂੰ ਪ੍ਰਸਤਾਵ ਭੇਜੇਗੀ ਜਿਸ ਵਿੱਚ ਹਲਵਾਰਾ ਅੰਤਰਰਾਸ਼ਟਰੀ





ਹਵਾਈ ਅੱਡੇ ਦਾ ਨਾਮ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ @ਤੇ ਰੱਖਣ ਦੀ ਤਜ਼ਵੀਜ਼ ਹੋਵੇਗੀ। ਉਨਾਂ ਕਿਹਾ ਕਿ ਇਹ ਦੇਸ਼ ਦੇ ਸਭ ਤੋਂ ਛੋਟੇ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਜਿਨਾਂ ਨੇ 19 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਸਾਲ ਪਿੰਡ ਸਰਾਭਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਮੌਕੇ ਰਾਜ ਪੱਧਰੀ ਸਮਾਗਮ ਵੀ ਕਰਵਾਇਆ ਜਾਂਦਾ ਹੈ।

ਵਿਧਾਇਕ ਪੱਪੀ ਨੇ ਕਿਹਾ ਕਿ ਪੰਜਾਬ ਸਰਕਾਰ ਦੇਸ਼ ਦੇ ਮਹਾਨ ਸ਼ਹੀਦ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਯਤਨ ਕਰੇਗੀ ਅਤੇ ਸ਼ਹੀਦਾਂ ਦੀ ਮਹਾਨ ਕੁਰਬਾਨੀ ਲਈ ਸਦਾ ਰਿਣੀ ਰਹੇਗੀ। ਸ਼ਹੀਦ ਕਰਤਾਰ ਸਿੰਘ ਸਰਾਭਾ ਵੱਲੋਂ ਦਿੱਤੀ ਕੁਰਬਾਨੀ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰੇਗੀ।

ਉਨਾਂ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਦੇਸ਼ ਦੇ ਮਹਾਨ ਨਾਇਕ ਦੇ ਜੱਦੀ ਪਿੰਡ ਦੇ ਵਿਕਾਸ ਲਈ ਸੂਬਾ ਸਰਕਾਰ ਵਚਨਬੱਧ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769


WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976


## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

(905)793-2202
You can
Place Your Business Here
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777




## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



# ਕਿਸਾਨ ਤੇ ਮੰਦਰ ਕਮੇਟੀ ਵਿਚਾਲੇ ਜ਼ਮੀਨ ਮਾਲਕੀ ਦਾ ਮਾਮਲਾ ਭਖਿਆ

ਗੁਰੂਸਰ ਸੁਧਾਰ, 24 ਮਈ (ਪੋਸਟ ਬਿਊਰੋ)- ਏਥੋਂ ਨੇਵਲੇ ਪਿੰਡ ਟੂਸੇ ਦੇ ਕਿਸਾਨ ਜਸਵੀਰ ਸਿੰਘ ਦੇ ਖੇਤ ਵੱਲ ਜਾਂਦੇ ਰਾਹ ਬਾਰੇ ਮਾਤਾ ਸ਼ੇਰਾਂ ਵਾਲੀ ਪ੍ਰਾਚੀਨ ਮੰਦਰ ਕਮੇਟੀ ਦੇ ਅਹੁਦੇਦਾਰਾਂ, ਕਿਸਾਨ ਪਰਵਾਰ ਅਤੇ ਪੰਚਾਇਤ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਕਾਰਨ ਪਿੰਡ ਵਿੱਚ ਤਣਾਅ ਦੀ ਸਥਿਤੀ ਬਣੀ ਹੋਈ ਹੈ। ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਸਮੇਤ ਕਈ ਆਗੂ ਕੱਲ੍ਹ ਵਿਵਾਦ ਵਾਲੀ ਥਾਂ ਪੁੱਜੇ। ਕਾਲੀਆ ਨੇ ਮੰਦਰ ਕਮੇਟੀ ਦੇ ਅਹੁਦੇਦਾਰਾਂ ਤੇ ਕਿਸਾਨ ਜਸਵੀਰ ਸਿੰਘ ਦਾ ਪੱਖ ਸੁਣਨ ਮਗਰੋਂ ਪੁਲਸ ਨੂੰ ਪਾਰਦਰਸ਼ੀ ਢੰਗ ਨਾਲ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

ਕੁਝ ਦਿਨ ਪਹਿਲਾਂ ਹੋਏ ਝਗੜੇ ਦੌਰਾਨ ਮੰਦਰ ਕਮੇਟੀ ਨਾਲ ਜੁੜੇ ਡੋਗਰ ਸਿੰਘ ਨੇ ਪੰਚ ਜਸਵੀਰ ਸਿੰਘ ਦੀ ਪਤਨੀ ਅਤੇ ਹੋਰਨਾਂ ਖਿਲਾਫ ਸਾਬਕਾ ਸਰਪੰਚ ਜਸਬੀਰ ਸਿੰਘ ਦੀ ਹਾਜ਼ਰੀ ਵਿੱਚ ਉਸ ਦੇ ਪੁੱਤਰ ਅਤੇ ਉਸ ਦੀ ਕੁੱਟਮਾਰ ਕਰਨ ਅਤੇ ਜ਼ਲੀਲ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸਰਪੰਚ ਪਰਮਜੀਤ ਸਿੰਘ ਦੀ ਸ਼ਹਿ ਉੱਤੇ ਹੀ ਮੰਦਰ ਦੀ ਚਾਰਦੀਵਾਰੀ ਨੂੰ ਨੁਕਸਾਨ ਪੁਚਾਉਣ ਅਤੇ ਥਾਂ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਹੋਈ ਹੈ। ਦੂਜੇ ਪਾਸੇ ਕਿਸਾਨ ਜਸਬੀਰ ਸਿੰਘ (ਪੰਚ) ਤੇ ਸਰਪੰਚ ਪਰਮਜੀਤ ਸਿੰਘ ਟੂਸੇ ਅਨੁਸਾਰ ਮਾਲ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਿਸ਼ਾਨਦੇਹੀ ਦੇ ਬਾਵਜੂਦ ਦੂਜੀ ਧਿਰ ਵੱਲੋਂ ਖੇਤ ਨੂੰ ਜਾਂਦੇ ਰਾਹ ਵਿੱਚ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ।

ਤਣਾਅਪੂਰਨ ਸਥਿਤੀ ਕਾਰਨ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਤੋਂ ਵੱਡੀ ਗਿਣਤੀ ਪੁਲਸ ਸਵੇਰ ਤੋਂ ਮੰਦਰ ਨੇੜੇ ਤੈਨਾਤ ਰਹੀ। ਐਸ ਪੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਇਸ ਥਾਂ ਹੋਏ ਝਗੜੇ ਬਾਰੇ ਜਾਂਚ ਪਹਿਲਾਂ ਹੀ ਚੱਲ ਰਹੀ ਹੈ ਤੇ ਮਸਲੇ ਦੇ ਸਥਾਈ ਹੱਲ ਲਈ ਮਾਲ ਵਿਭਾਗ ਦੇ ਅਧਿਕਾਰੀਆਂ ਸਣੇ ਐਸ ਡੀ ਐਮ ਰਾਏਕੋਟ ਦੇ ਧਿਆਨ ਵਿੱਚ ਇਹ ਕੇਸ ਲਿਆ ਕੇ ਮਾਲ ਰਿਕਾਰਡ ਦੀ ਤਸਦੀਕ ਕਰਵਾਈ ਜਾਵੇਗੀ।





